ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 3 ਜੂਨ 2026 (ਨਾਨਕਸ਼ਾਹੀ ਸੰਮਤ : ੫੫੮, ੨੦ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਦੂਰ ਦੁਰਾਡੇ ਤੋਂ ਪੁੱਜੇ ਸੰਤ ਮਹਾਤਮਾ, ਧਾਰਮਿਕ, ਸਿਆਸੀ ਤੇ ਸਮਾਜਿਕ ਸਖਸ਼ੀਅਤਾਂ ਵੱਲੋਂ ਸਿੰਘ ਭਾਈ ਜਸਵੀਰ ਸਿੰਘ ਰੋਡੇ ਨੂੰ ਪੰਥਕ ਏਕਤਾ ਲਈ ਅਗਵਾਈ ਕਰਨ ਦੀ ਅਪੀਲ








### ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਦੂਰ ਦੁਰਾਡੇ ਤੋਂ ਪੁੱਜੇ ਸੰਤ ਮਹਾਤਮਾ, ਧਾਰਮਿਕ, ਸਿਆਸੀ ਤੇ ਸਮਾਜਿਕ ਸਖਸ਼ੀਅਤਾਂ ਵੱਲੋਂ ਸਿੰਘ ਭਾਈ ਜਸਵੀਰ ਸਿੰਘ ਰੋਡੇ ਨੂੰ ਪੰਥਕ ਏਕਤਾ ਲਈ ਅਗਵਾਈ ਕਰਨ ਦੀ ਅਪੀਲ


















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਪਿੰਡ ਰੋਡੇ (ਮੋਗਾ) • ਆਵਾਜ਼ਿ ਕੌਮ ਯੂ. ਕੇ ਦੀ ਵਿਸ਼ੇਸ਼ ਰਿਪੋਰਟ**

ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਜਨਮਦਿਨ ਸਮਾਗਮ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ ਦੀ ਅਗਵਾਈ ਵਿਚ ਸਮੂਹ ਬਾਬਾ ਪਰਿਵਾਰ, ਨਗਰ ਦੀਆਂ ਪੰਚਾਇਤਾਂ ਤੇ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ ਪੰਥਕ ਜਜ਼ਬੇ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਦੀਵਾਨ ਸਜਾਏ ਗਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਪੰਥ ਦੀ ਚੜ੍ਹਦੀ ਕਲਾ ਲਈ ਰੋਡੇ ਪਰਿਵਾਰ ਦੇ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਪੰਥ ਦੀ ਏਕਤਾ ਲਈ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਆਪਣੇ ਸੰਬੋਧਨ ਵਿੱਚ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸਰਜੀਤ) ਨੇ ਕਿਹਾ ਕਿ ਪੰਥਕ ਰਾਜਨੀਤਕ ਧਿਰਾਂ ਦੇ ਇਕੱਠੇ ਹੋਣ ਨਾਲ ਏਕਤਾ ਨਹੀਂ ਹੋ ਜਾਣੀ, ਸਗੋਂ ਸਾਨੂੰ ਸਾਰੀਆਂ ਰਾਜਨੀਤਿਕ ਧਿਰਾਂ ਤੋਂ ਇਲਾਵਾ ਪੰਥਕ ਧਿਰਾਂ ਨੂੰ ਵੀ ਇਕੱਠੇ ਇੱਕ ਮੰਚ 'ਤੇ ਹੋ ਕੇ ਏਕਤਾ ਦਾ ਰਾਹ ਅਪਣਾ ਕੇ ਪੰਥ ਨੂੰ ਤਕੜੇ ਕਰਨ ਦੀ ਲੋੜ ਹੈ ਇਸ ਲਈ ਜੇਕਰ ਉਹਨਾਂ ਨੂੰ ਰਸਤੇ ਵਿੱਚ ਅੜਿੱਕਾ ਸਮਝਿਆ ਜਾਂਦਾ ਹੈ ਤਾਂ ਉਹ ਕਿਸੇ ਵੀ ਤਰ੍ਹਾਂ ਦਾ ਤਿਆਗ ਕਰਨ ਲਈ ਤਿਆਰ ਹਨ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਆਗੂ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਵੀਰ ਸਿੰਘ ਜੀ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਥ ਦੀ ਚੜ੍ਹਦੀ ਕਲਾ ਲਈ ਸਾਨੂੰ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਆਗੂਆਂ ਨੂੰ ਅੱਗੇ ਲਿਆਉਣਾ ਹੋਵੇਗਾ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸਿੱਖੀ ਨੂੰ ਸਮਰਪਿਤ ਆਗੂਆਂ ਦੇ ਹੱਥ ਵਾਗਡੋਰ ਦੇਣੀ ਪਵੇਗੀ। ਆਪਣੇ ਸੰਬੋਧਨ ਵਿੱਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ. ਤਰਸੇਮ ਸਿੰਘ ਨੇ ਕਿਹਾ ਕਿ ਪੰਥਕ ਏਕਤਾ ਲਈ ਰੋਡੇ ਪਰਿਵਾਰ ਵੱਲੋਂ ਜੋ ਵੀ ਫੈਸਲਾ ਲਿਆ ਜਾਵੇਗਾ ਉਹ ਉਹਨਾਂ ਦੇ ਫੈਸਲੇ 'ਤੇ ਫੁੱਲ ਚੜ੍ਹਾਉਣਗੇ। ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਾਰੀਆਂ ਹੀ ਪੰਥਕ ਧਿਰਾਂ ਨਾਲ ਜੋ ਗੱਲਬਾਤ ਹੋਈ ਹੈ, ਉਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਰੀਆਂ ਹੀ ਪੰਥਕ ਧਿਰਾਂ ਏਕਤਾ ਦਾ ਰਾਹ ਅਪਣਾਉਣ ਲਈ ਤਿਆਰ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਏਕਤਾ ਦਾ ਵੱਡਾ ਐਲਾਨ ਕਰਕੇ 2027 ਦੀਆਂ ਚੋਣਾਂ ਵਿੱਚ ਪੰਥ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਦਾ ਤਹੱਈਆ ਕੀਤਾ ਜਾਵੇਗਾ। ਉਨ੍ਹਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਤੋਂ ਖਿਮਾ ਜਾਚਨਾ ਕਰਦਿਆਂ ਕਿਹਾ ਕਿ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਚਾਹੁਣ ਵਾਲਿਆਂ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਕਾਰਨ ਉਹਨਾਂ ਵੱਲੋਂ ਕੀਤੇ ਹੋਏ ਪ੍ਰਬੰਧ ਛੋਟੇ ਪੈ ਗਏ ਹਨ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਵਿੰਦਰ ਸਿੰਘ ਜੀ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਨੇ ਵੀ ਸ਼ਮੂਲੀਅਤ ਕੀਤੀ, ਭਾਈ ਗੁਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਇਲਾਹੀ ਬਾਣੀ ਦੇ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਪੰਥ ਪ੍ਰਸਿੱਧ ਭਾਈ ਸੁਖਪ੍ਰੀਤ ਸਿੰਘ ਸਲੀਣੇ ਵਾਲਿਆਂ ਦੇ ਢਾਡੀ ਜਥੇ, ਭਾਈ ਬਲਵਿੰਦਰ ਸਿੰਘ ਭਗਤਾ ਭਾਈ ਵਾਲਿਆਂ ਦੇ ਢਾਡੀ ਜਥੇ ਅਤੇ ਭਾਈ ਕੇਵਲ ਸਿੰਘ ਮਹਿਤੇ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਨਾਲ ਸਬੰਧਤ ਵਾਰਾਂ ਸੁਣਾ ਕੇ ਸੰਗਤਾਂ ਅੰਦਰ ਜੋਸ਼ ਭਰ ਦਿਤਾ। ਹਜ਼ਾਰਾਂ ਸੰਗਤਾਂ ਦੇ ਠਾਠਾਂ ਮਾਰਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਦਰਸ਼ਨ ਸਿੰਘ ਮੰਡ ਨੇ ਸੰਤਾਂ ਨਾਲ ਆਪਣੇ ਬਿਤਾਏ ਹੋਏ ਪਲਾਂ ਨੂੰ ਸੰਗਤਾਂ ਨਾਲ ਸਾਂਝਿਆਂ ਕੀਤਾ।

ਇਸ ਦੌਰਾਨ ਡਾਕਟਰ ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਭਾਈ ਕਮਰ ਚੜਤ ਸਿੰਘ ਭੂਰਿਆਂ ਵਾਲੇ ਨੇ ਵੀ ਸਮਾਗਮ ਦੌਰਾਨ ਸੰਬੋਧਨ ਕੀਤਾ। ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਯੂਨਾਈਟਿਡ ਅਕਾਲੀ ਦਲ ਨੇ ਕਿਹਾ ਕਿ ਪੰਥ ਦੀ ਚੜ੍ਹਦੀ ਕਲ੍ਹਾ ਲਈ ਇੱਕੋ ਇੱਕ ਰਸਤਾ ਏਕਤਾ ਹੈ ਜਿਸ ਨਾਲ ਜੇਲ੍ਹ ਵਿੱਚ ਬੈਠੇ ਸਿੰਘਾਂ ਨੂੰ ਬਾਹਰ ਕਢਵਾਇਆ ਜਾ ਸਕਦਾ ਹੈ। ਜਥੇਦਾਰ ਬੂਟਾ ਸਿੰਘ ਰਣਸੀਂਹ, ਭਾਈ ਨਰਾਇਣ ਸਿੰਘ ਚੌੜਾ, ਭਾਈ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਜੇਕਰ 2027 ਵਿੱਚ ਵੀ ਪੰਥ ਇਕੱਠਾ ਨਾ ਹੋਇਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਥ ਖੇਰੂੰ-ਖੇਰੂੰ ਹੋ ਜਾਵੇਗਾ। ਸੰਤ ਬਾਬਾ ਅਮੀਰ ਸਿੰਘ ਜਵੱਦੀ ਟਕਸਾਲ, ਸਿੰਘ ਸਾਹਿਬ ਭਾਈ ਗੁਰਮਿੰਦਰ ਸਿੰਘ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਸ. ਇਕਬਾਲ ਸਿੰਘ ਝੂੰਦਾ, ਸਾਬਕਾ ਮੈਂਬਰ ਪਾਰਲੀਮੈਂਟ ਭਾਈ ਰਾਜਦੀਪ ਸਿੰਘ ਨੇ ਸੰਬੋਧਨ ਕਰਦਿਆਂ ਸੰਤਾਂ ਵੱਲੋਂ ਚਲਾਈ ਲਹਿਰ ਨੂੰ ਜੀਉਂਦੇ ਰੱਖਣ ਲਈ ਉਹਨਾਂ ਦੀ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਤਹੱਈਆ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ ਬਾਬਾ ਹਰਨਾਮ ਸਿੰਘ ਸੁਆਮੀ ਜੀ ਮਹਿਲਪੁਰ ਬੰਗੇ ਵਾਲੇ, ਐਡਵੋਕੇਟ ਹਰਪਾਲ ਸਿੰਘ ਖਾਰਾ, ਸੰਤ ਬਾਬਾ ਕਰਨੈਲ ਸਿੰਘ ਜੀ ਕਾਰ ਸੇਵਾ ਮੋਗੇ ਵਾਲੇ, ਸੰਤ ਬਾਬਾ

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਪੰਥ ਦੀ ਚੜ੍ਹਦੀ ਕਲਾ ਲਈ ਰੋਡੇ ਪਰਿਵਾਰ ਦਾ ਵਡਮੁੱਲਾ ਯੋਗਦਾਨ-ਐਡਵੋਕੇਟ ਧਾਮੀ















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਮੰਗਾ ਸਿੰਘ ਜੀ ਧਰਮਕੋਟ ਵਾਲੇ, ਸੰਪਰਦਾਏ ਲੰਗਰ ਸਾਹਿਬ ਹਜ਼ੂਰ ਸਾਹਿਬ ਵਾਲੇ, ਸੰਤ ਬਾਬਾ ਨਰਿੰਦਰ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ, ਬਾਬਾ ਸੁਰਿੰਦਰਪਾਲ ਸਿੰਘ ਜੀ ਹਜ਼ੂਰ ਸਾਹਿਬ ਵਾਲੇ ਪ੍ਰਧਾਨ ਖਾਲਸਾ ਗਤਕਾ ਫੈਡਰੇਸ਼ਨ, ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ, ਬਾਬਾ ਬਲਵਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਵਿੰਦਰ ਸਿੰਘ 17ਵੀਂ ਅੰਸ਼-ਬੰਸ਼ ਗੁਰੂ ਨਾਨਕ ਦੇਵ ਜੀ, ਬਾਬਾ ਬਲਕਾਰ ਸਿੰਘ ਪਹਿਲਵਾਨ ਕੇ ਦਰਾਜ ਕੇ, ਸੰਤ ਬਾਬਾ ਹਰਮੇਲ ਸਿੰਘ ਸਰਦੂਲੇ ਵਾਲੇ, ਬਾਬਾ ਭੋਲਾ ਸਿੰਘ ਘੁਰਕਣੀ ਵਾਲੇ, ਬਾਬਾ ਇਕਬਾਲ ਸਿੰਘ ਭੂਗਲ ਵਾਲੇ, ਜਥੇਦਾਰ ਪਿੱਪਲ ਸਿੰਘ ਦਮਦਮਾ ਸਾਹਿਬ, ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ, ਬਾਬਾ ਪਰਮਿੰਦਰ ਸਿੰਘ ਕੁਲਾਰ ਭਾਈ ਕਾ ਰੂਪਾ, ਸੰਤ ਬਾਬਾ ਗੁਰਦੀਪ ਸਿੰਘ ਰੋਡੇ ਠਾਠ, ਬਾਬਾ ਗੁਰਚਰਨ ਸਿੰਘ, ਬਾਬਾ ਟਹਿਲ ਸਿੰਘ ਕੈਲਿਆਂ ਵਾਲੇ, ਸੰਤ ਬਾਬਾ ਚਮਕੌਰ ਸਿੰਘ ਭਦੌੜ ਵਾਲੇ, ਜਥੇਦਾਰ ਬਾਬਾ ਜਗਜੀਤ ਸਿੰਘ ਮੜੀਆਂ ਵਾਲਿਆਂ ਵੱਲੋਂ ਜਥੇਦਾਰ ਮਨਜੀਤ ਸਿੰਘ, ਜਥੇਦਾਰ ਬਾਬਾ ਗੁਰਪ੍ਰੀਤ ਸਿੰਘ ਪੰਜਗਰਾਈਆਂ, ਬਾਬਾ ਗੁਰਪ੍ਰੀਤ ਸਿੰਘ ਭਦੌੜ, ਗਿਆਨੀ ਅਮਰਜੀਤ ਸਿੰਘ ਮਰਿਆਦਾ ਕਣਕਵਾਲ ਭੰਗੂਆਂ, ਸੰਤ ਬਾਬਾ ਬੰਤ ਸਿੰਘ ਮਦਨਪੁਰ ਚਹੇੜੀ ਸੰਗਰੂਰ, ਮਹੰਤ ਰਣੇਸ਼ ਦਾਸ ਮਿਡੇ ਵਾਲੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸੰਤ ਕਵਰ ਚੜਤ ਸਿੰਘ ਭੂਰਿਆਂ ਵਾਲੇ, ਸੰਤ ਬਾਬਾ ਰੇਸ਼ਮ ਸਿੰਘ ਚੱਕ ਪੱਖੀ ਵਾਲੇ, ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ, ਸੰਤ ਬਾਬਾ ਜਤਿੰਦਰ ਸਿੰਘ ਗੋਬਿੰਦ ਬਾਗ ਵਾਲੇ ਕਾਰਜਕਾਰੀ ਪ੍ਰਧਾਨ, ਬਾਬਾ ਬਲਦੇਵ ਸਿੰਘ ਧਰਮਪੁਰੇ ਵਾਲੇ, ਗਿਆਨੀ ਸ਼ਿੰਦਰਪਾਲ ਸਿੰਘ ਜੈਮਲਵਾਲਾ, ਬਾਬਾ ਸਾਹਿਬ ਸਿੰਘ ਗੁਜਰਾਂਵਾਲੇ, ਸੰਤ ਬਾਬਾ ਗੁਲਾਬ ਸਿੰਘ ਘੋਲੀਏ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲੇ, ਸੰਤ ਬਾਬਾ ਬਲਵੀਰ ਸਿੰਘ ਰਣੀਏ ਵਾਲੇ, ਬਾਬਾ ਅਵਤਾਰ ਸਿੰਘ ਘੋਲੀਆ ਅੰਮ੍ਰਿਤ ਸੰਚਾਰ ਜੱਥਾ, ਭਾਈ ਤਰਲੋਚਨ ਸਿੰਘ ਚੇਅਰਮੈਨ, ਜਥੇਦਾਰ ਬਾਬਾ ਪਿੱਪਲ ਸਿੰਘ ਜੀ ਅੰਮ੍ਰਿਤ ਸੰਚਾਰ ਜੱਥਾ, ਸੰਤ ਬਾਬਾ ਜੋਰਾ ਸਿੰਘ ਜੀ ਤਲਵੰਡੀ ਭਾਈ ਵਾਲੇ, ਬਾਬਾ ਬਲਜੀਤ ਸਿੰਘ ਜੀ ਭੋਰਾ ਸਾਹਿਬ ਵਾਲੇ, ਬਾਬਾ ਸੁਰਜੀਤ ਸਿੰਘ ਮਹਿਰੋਂ ਵਾਲੇ, ਬਾਬਾ ਸੁਖਵਿੰਦਰ ਸਿੰਘ ਕਾਦਰ ਵਾਲਾ, ਭਾਈ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਸੰਤ ਬਾਬਾ ਬਲਜੀਤ ਸਿੰਘ ਮਲੋਟ ਵਾਲੇ, ਸੰਤ ਬਾਬਾ ਰੇਸ਼ਮ ਸਿੰਘ ਜੀ ਨਿਰਮਲ ਸੰਪਰਦਾਏ ਸ਼੍ਰੀ ਮਹੰਤ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਮੰਜੀ ਸਾਹਿਬ, ਬਾਬਾ ਗੁਰਬਾਗ ਸਿੰਘ ਜੀ ਗੁਰਦੁਆਰਾ ਨੀਲਾ ਤਾਰਾ ਸਾਹਿਬ, ਭਾਈ ਲਖਵਿੰਦਰ ਸਿੰਘ ਨਾਰੰਗਵਾਲ, ਭਾਈ ਗੁਰਿੰਦਰ ਸਿੰਘ ਬਾਜਵਾ, ਭਾਈ ਪਾਲ ਸਿੰਘ ਫਰਾਂਸ, ਗਿਆਨੀ ਤੇਜਬੀਰ ਸਿੰਘ ਦਮਦਮੀ ਟਕਸਾਲ, ਭਾਈ ਜੁਗਰਾਜ਼ ਸਿੰਘ ਜੱਗੀ ਮੁਦਾ ਵਾਲੇ, ਬਾਬਾ ਜੋਰਾ ਸਿੰਘ ਜੀ ਤਲਵੰਡੀ ਭਾਈ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਸੰਤ ਬਾਬਾ ਹਰਚਰਨ ਸਿੰਘ ਜੀ ਰਮਦਾਸਪੁਰ, ਭਾਈ ਬਲਵਿੰਦਰ ਸਿੰਘ ਫਿਰੋਜ਼ਪੁਰ, ਭਾਈ ਸੁਖਵਿੰਦਰ ਸਿੰਘ ਫਰੀਦਕੋਟ, ਸੰਤ ਬਾਬਾ ਜੋਗਾ ਸਿੰਘ ਜੀ ਕਰਨਾਲ ਵਾਲੇ, ਜਥੇਦਾਰ ਬਾਬਾ ਸੁਖਪਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਮੰਜੀ ਸਾਹਿਬ ਵਾਲੇ, ਭਾਈ ਦਇਆ ਸਿੰਘ ਜੀ ਲਹੌਰੀਆ, ਬਾਬਾ ਮਹਿੰਦਰ ਸਿੰਘ ਜੀ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਹਰਿਆਣਾ, ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ, ਸੰਤ ਬਾਬਾ ਅਜੀਤ ਸਿੰਘ ਮਲੋ ਸ਼ਹੀਦ ਵਾਲੇ, ਭਾਈ ਕਮਲਜੀਤ ਸਿੰਘ ਬਰਾੜ, ਭਾਈ ਜਸਮੇਲ ਸਿੰਘ ਜੀ ਅੰਮ੍ਰਿਤ ਸੰਚਾਰ, ਸੰਤ ਬਾਬਾ ਚਮਕੌਰ ਸਿੰਘ ਪੰਜ ਗਰਾਈਆਂ, ਭਾਈ ਜਸਵਿੰਦਰ ਸਿੰਘ ਸਾਹੋਕੇ, ਭਾਈ ਕਰਨੈਲ ਸਿੰਘ ਅਖਾੜਾ, ਬਾਬਾ ਭੁਪਿੰਦਰ ਸਿੰਘ ਸਦਰਵਾਲ ਦਮਦਮੀ ਟਕਸਾਲ, ਬਾਬਾ ਭਜਨ ਸਿੰਘ ਔਲਖ, ਬਾਬਾ ਲੱਖਾ ਸਿੰਘ ਔਲਖ, ਬਾਬਾ ਜਸਵੰਤ ਸਿੰਘ ਰੋਡਿਆਂ ਵਾਲੇ, ਬਾਬਾ ਜਸਵੰਤ ਸਿੰਘ ਸੋਢੀ ਬਾਬਾ ਸੰਦੀਪ ਸਿੰਘ ਸਨੀ ਅੰਮ੍ਰਿਤਸਰ ਦੇ ਭਰਾ ਭਾਈ ਮਨਦੀਪ ਸਿੰਘ, ਬਾਬਾ ਸਿੰਦਰ ਸਿੰਘ ਫਤਿਹਗੜ੍ਹ ਸਭਰਾਵਾਂ ਵਾਲੇ, ਸੰਤ ਬਾਬਾ ਹਾਕਮ ਸਿੰਘ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ, ਗਿਆਨੀ ਤੇਗਬੀਰ ਸਿੰਘ ਦਮਦਮੀ ਟਕਸਾਲ, ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲ ਵਾਲੇ, ਭਾਈ ਸੁਖਹਰਪ੍ਰੀਤ ਸਿੰਘ ਰੋਡੇ ਮੈਂਬਰ ਅੰਤ੍ਰਿੰਗ ਕਮੇਟੀ ਸ਼੍ਰੋਮਣੀ ਕਮੇਟੀ, ਸੰਤ ਬਾਬਾ ਲੀਡਰ ਸਿੰਘ ਸੈਫਬਾਦ ਕਪੂਰਥਲਾ, ਜਥੇਦਾਰ ਬਾਬਾ ਬਚਿੱਤਰ ਸਿੰਘ ਜੀ ਗੁਰੂਸਰ ਯੋਧੇ ਵਾਲੇ, ਬਾਬਾ ਅਮਰਜੀਤ ਸਿੰਘ ਜੀ ਨਾਨਕਸਰ ਠਾਠ ਧਰਮਕੋਟ ਵਾਲੇ, ਬਾਬਾ ਪਵਨਦੀਪ ਸਿੰਘ ਕੜਿਆਲ ਵਾਲੇ, ਭਾਈ ਮੇਜਰ ਸਿੰਘ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਾਲੇ, ਬਾਬਾ ਗੁਰਦਿਆਲ ਸਿੰਘ ਲੰਗੇਆਣਾ ਸਾਹਿਬ, ਬਾਬਾ ਸੁਖਪ੍ਰੀਤ ਸਿੰਘ ਰਾਜੇਆਣਾ, ਬਾਬਾ ਮੌਜੇ ਦਾਸ ਜੀ ਮਾੜੀ ਕੰਬੋ ਕੀ, ਬਾਬਾ ਅਮਰਜੀਤ ਸਿੰਘ ਧਰਮਕੋਟ,

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਪੰਥ ਦੀ ਚੜ੍ਹਦੀ ਕਲਾ ਲਈ ਰੋਡੇ ਪਰਿਵਾਰ ਦਾ ਵਡਮੁੱਲਾ ਯੋਗਦਾਨ-ਐਡਵੋਕੇਟ ਧਾਮੀ

































ਬਾਬਾ ਜਸਵਿੰਦਰ ਸਿੰਘ ਦਿੜਬੇ ਵਾਲੇ, ਭਾਈ ਸੁਖਲਾਲ ਸਿੰਘ ਬਾਸਰਕੇ, ਗਿਆਨੀ ਸੁਖਦੇਵ ਸਿੰਘ ਲੰਗਿਆਣਾ ਨਵਾਂ, ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਗਿਆਨੀ ਸਤਨਾਮ ਸਿੰਘ ਜਨੇਰ ਵਾਲੇ, ਸੰਤ ਹਰਜਿੰਦਰ ਸਿੰਘ ਗੁਰੂ ਕੀ ਮਟੀਲੀ, ਸਿੰਘ ਸਾਹਿਬ ਜਥੇਦਾਰ ਬਾਬਾ ਅਵਤਾਰ ਸਿੰਘ, ਸੰਤ ਬਾਬਾ ਜਸਵਿੰਦਰ ਸਿੰਘ ਰਾਜਿਆਣਾ, ਸੰਤ ਬਾਬਾ ਬਲਵਿੰਦਰ ਸਿੰਘ ਜੀ ਮਾੜੀ ਕੰਬੋਕੀ, ਸੰਤ ਬਾਬਾ ਜਸਵੰਤ ਸਿੰਘ ਸੋਢੀ ਆਸਲ ਉਤਾੜ, ਸੰਤ ਬਾਬਾ ਜੁਗਰਾਜ ਸਿੰਘ ਮੱਖੀ ਮਰਗਿੰਦਪੁਰ, ਸੰਤ ਬਾਬਾ ਜਸਕਰਨ ਸਿੰਘ ਅਕਬਰਪੁਰ, ਸੰਤ ਬਾਬਾ ਚਰਨ ਸਿੰਘ ਦਿਆਲਪੁਰ ਵਾਲੇ, ਸੰਤ ਬਾਬਾ ਦਵਿੰਦਰ ਸਿੰਘ ਸ਼ਾਹਬਪੁਰ ਵਾਲੇ, ਸੰਤ ਬਾਬਾ ਮੰਗਲ ਦਾਸ ਜੀ ਰਾਜੋਕੇ ਵਾਲੇ, ਸੰਤ ਬਾਬਾ ਕੁਲਦੀਪ ਸਿੰਘ ਜੀ ਮਾਣਕ ਝਾੜ ਸਾਹਿਬ ਵਾਲੇ, ਸੰਤ ਬਾਬਾ ਭੁਪਿੰਦਰ ਸਿੰਘ ਜੀ ਸਦਰਵਾਲ, ਸੰਤ ਬਾਬਾ ਬਖਸੀਸ ਸਿੰਘ ਚੱਕ ਮਰਹਾਣੇ, ਸੰਤ ਬਾਬਾ ਬਲਕਾਰ ਸਿੰਘ ਦਰਾਜਕੇ ਵਾਲੇ, ਸੰਤ ਬਾਬਾ ਹਰਚਰਨ ਦਾਸ ਦੂਲਾ ਵਾਲੇ, ਸੰਤ ਬਾਬਾ ਸੂਬਾ ਸਿੰਘ ਕੁਹਾੜ ਕੇ ਵਾਲੇ, ਸੰਤ ਬਾਬਾ ਬਲਜੀਤ ਸਿੰਘ ਭੋਰਾ ਸਾਹਿਬ ਚਰਨ ਕਮਲ ਮਲੋਟ, ਸੰਤ ਬਾਬਾ ਬਚਿੱਤਰ ਸਿੰਘ ਜੀ ਗੁਰੂਸਰ ਯੋਧੇ ਵਾਲੇ, ਸੰਤ ਬਾਬਾ ਸਰਮੁਖ ਸਿੰਘ ਜੀ ਰਾਣੀਵਾਲਾ, ਸੰਤ ਬਾਬਾ ਅੰਮ੍ਰਿਤਪਾਲ ਸਿੰਘ ਜੀ ਮੁਖੀ ਨਾਨਕਸਰ ਠਾਠ ਮਲੋਟ, ਸੰਤ ਬਾਬਾ ਸ਼ਰਨਜੀਤ ਸਿੰਘ ਜੀ ਡੱਬਵਾਲੀ ਢਾਬ ਮਲੋਟ, ਸੰਤ ਬਾਬਾ ਸੋਹਣ ਸਿੰਘ ਜੀ ਖੁਸ਼ਿਦੱਲ ਅਰਨੀ ਵਾਲੇ, ਬਾਬਾ ਗਣੇਸ਼ ਦਾਸ ਜੀ ਡੇਰਾ ਬਾਬਾ ਸ੍ਰੀ ਚੰਦ ਜੀ ਮਿਡਾ, ਜਥੇਦਾਰ ਬਾਬਾ ਸੁੱਚਾ ਸਿੰਘ ਜੀ ਮਲੋਟ, ਬਾਬਾ ਚਰਨਜੀਤ ਸਿੰਘ ਖਾਲਸਾ ਮਲੋਟ ਵਾਲੇ, ਭਾਈ ਮੰਝ ਭਲਾਈ ਕੇਂਦਰ ਭਾਈ ਸਰਬਜੀਤ ਸਿੰਘ ਛਾਪਿਆਂਵਾਲੀ ਮਲੋਟ, ਭਾਈ ਸਤਨਾਮ ਸਿੰਘ ਜੀ ਪ੍ਰਧਾਨ ਰਾਗੀ ਸਭਾ ਮਲੋਟ, ਭਾਈ ਸਤਨਾਮ ਸਿੰਘ ਸਾਉਕੇ, ਭਾਈ ਪੰਜਾਬ ਸਿੰਘ ਤਪਾ ਖੇੜਾ ਮਲੋਟ, ਪ੍ਰਧਾਨ ਫੂਲਾ ਸਿੰਘ ਬਰਾੜ ਸਮਾਲਸਰ, ਡਾਕਟਰ ਰੇਸ਼ਮ ਸਿੰਘ ਮਠਾੜੂ ਠੱਠੀ ਭਾਈ, ਭਾਈ ਰਘਵਿੰਦਰ ਸਿੰਘ ਸੁਨਾਮ ਊਧਮ ਸਿੰਘ ਵਾਲਾ, ਡਾਕਟਰ ਹਰਮਨਜੀਤ ਸਿੰਘ ਰਾਜਪੁਰਾ, ਭਾਈ ਅਵਤਾਰ ਸਿੰਘ ਪ੍ਰਧਾਨ, ਭਾਈ ਦਰਸ਼ਨ ਸਿੰਘ ਚੇਅਰਮੈਨ ਥਰਾਜ, ਪ੍ਰਧਾਨ ਚਮਕੌਰ ਸਿੰਘ ਸਾਹੋਕੇ ਸਮੇਤ ਸਮੁੱਚੇ ਪੰਜਾਬ ਤੋਂ ਇਲਾਵਾ ਰਾਜਸਥਾਨ, ਹਰਿਆਣਾ ਆਦਿ ਤੋਂ ਵੱਡੀ ਗਿਣਤੀ ਵਿੱਚ ਸਾਧੂ ਮਹਾਤਮਾ ਸੰਤ ਮਹਾਂਪੁਰਸ਼ ਵੱਡੇ ਜਥਿਆਂ ਸਮੇਤ ਪਿੰਡ ਰੋਡੇ ਵਿਖੇ ਹਾਜ਼ਰੀਆਂ ਭਰਨ ਲਈ ਪਹੁੰਚੇ। ਇਸ ਮਹਾਨ ਸਮਾਗਮ ਦੌਰਾਨ ਦੂਰ-ਦੁਰਾਡੇ ਤੋਂ ਪਹੁੰਚੀਆਂ ਸੰਗਤਾਂ ਦੀ ਸੇਵਾ ਲਈ ਰੋਡੇ ਨਗਰ ਅਤੇ ਹੋਰ ਸਥਾਨਾਂ ਦੀਆਂ ਸੰਗਤਾਂ ਨੇ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾ ਕੇ ਸਾਰਾ ਦਿਨ ਸੰਗਤਾਂ ਦੀ ਸੇਵਾ ਕੀਤੀ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਕਾਰਵਾਈ ਬਾਬਾ ਸਵਰਨਜੀਤ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਵੱਲੋਂ ਬਾਖੂਬੀ ਚਲਾਈ ਗਈ। ਸਮਾਗਮ ਦੀ ਸਮਾਪਤੀ ਉਪਰੰਤ ਗੁਰਦੁਆਰਾ ਸੰਤ ਖਾਲਸਾ ਰੋਡੇ ਦੇ ਹੈੱਡ ਗ੍ਰੰਥੀ ਭਾਈ ਬਲਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਪੰਥਕ ਏਕਤਾ ਲਈ ਰੋਡੇ ਪਰਿਵਾਰ ਵੱਲੋਂ ਜੋ ਵੀ ਫੈਸਲਾ ਲਿਆ ਜਾਵੇਗਾ ਵਾਰਿਸ ਪੰਜਾਬ ਜਥੇਬੰਦੀ ਉਸ 'ਤੇ ਫੁੱਲ ਚੜ੍ਹਾਏਗੀ-ਬਾਪੂ ਤਰਸੇਮ ਸਿੰਘ



















ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਪੰਥਕ ਏਕਤਾ ਲਈ ਕਿਸੇ ਵੀ ਤਰ੍ਹਾਂ ਦੇ ਤਿਆਗ ਲਈ ਤਿਆਰ ਹਾਂ-ਸਿੰਘ ਸਾਹਿਬ ਗਿ: ਹਰਪ੍ਰੀਤ ਸਿੰਘ


















ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ

## ਸਾਰੀਆਂ ਪੰਥਕ ਧਿਰਾਂ ਦੀ ਸਹਿਮਤੀ ਨਾਲ ਛੇਤੀ ਹੀ ਵਿਸ਼ਾਲ ਏਕਤਾ ਦਾ ਐਲਾਨ ਕਰਕੇ 2027 ਦੀਆਂ ਚੋਣਾਂ 'ਚ ਪੰਥਕ ਸਰਕਾਰ ਬਣਾਵਾਂਗੇ- ਸਿੰਘ ਸਾਹਿਬ ਗਿ: ਜਸਵੀਰ ਸਿੰਘ ਰੋਡੇ



ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ



















### ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ














## ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ














ਆਵਾਜ਼ਿ ਕੌਮ AWAZE QAUM International Newspaper & WEB TV

(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਮਾਗਮ ਮੌਕੇ

# ਪਿੰਡ ਰੋਡੇ ਵਿਖੇ ਆਇਆ ਸੰਗਤਾਂ ਦਾ ਹੜ੍ਹ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 3 ਜੂਨ 2026 (ਨਾਨਕਸ਼ਾਹੀ ਸੰਮਤ : ੫੫੮, ੨੦ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਨਹੀਂਓਂ ਭੁੱਲਣਾ ਜੂਨ 84

## ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਅਤੇ ਕਤਲੇਆਮ ਦੀ ਤੁਲਨਾ ਅਸੀਂ ਤੁਰਕੀ ਅਤੇ ਇਰਾਕ ਦੀਆਂ ਕੁਰਦਿਸ਼ ਲੋਕਾਂ ਨੂੰ ਦਬਾਉਣ ਨਾਲ ਕਰ ਸਕਦੇ ਹਾਂ

3

ਇਕ ਫੌਜੀ ਕਹਿ ਰਿਹਾ ਸੀ "ਹਮਾਰੇ ਬਹੁਤ ਸਾਰੇ ਆਦਮੀ ਮਾਰੇ ਗਏ ਹੈਂ।"

ਜਿਸ ਤਰ੍ਹਾਂ ਪਹਿਲਾ ਦੱਸਿਆ ਜਾ ਚੁੱਕਾ ਹੈ ਕਿ ਫੌਜ ਦੇ ਕਬਜ਼ੇ ਵਿੱਚ ਆਉਣ ਵਾਲੀ ਸਭ ਤੋਂ ਪਹਿਲੀ ਬਿਲਡਿੰਗ ਗੁਰੂ ਰਾਮਦਾਸ ਸਰਾਂ ਸੀ। ਇਥੇ ਕੋਈ 50 ਕੁ ਖਾੜਕੂ ਸਿੰਘ ਸਨ ਜੋ ਹੁਣ ਇਥੋਂ ਜਾ ਚੁੱਕੇ ਸਨ। ਇਥੇ ਹੁਣ ਬੱਚੇ, ਬੁੱਢੇ ਅਤੇ ਬੀਬੀਆਂ ਸਨ ਇਨ੍ਹਾਂ ਵਿੱਚੋਂ ਕੁਝ ਜਵਾਨ ਵੀ ਸਨ। ਇਥੇ ਫੌਜ ਵੱਲੋਂ ਕੀਤੇ ਜ਼ੁਲਮ ਹੁਣ ਤੱਕ ਹੋਏ ਹਕੂਮਤੀ ਜ਼ੁਲਮਾਂ ਨੂੰ ਫਿੱਕਾ ਕਰ ਦਿੰਦੇ ਹਨ। ਹਿਟਲਰ ਦੇ ਗੈਸ ਚੈਮਬਰ ਇਤਿਹਾਸ ਵਿੱਚ ਪੜ੍ਹਦੇ ਹਾਂ ਜਿਥੇ ਹਜ਼ਾਰਾਂ ਯਹੂਦੀਆਂ ਨੂੰ ਇਕ ਵੱਡੇ ਸਾਰੇ ਹਾਲ ਵਿੱਚ ਬੰਦ ਕਰਕੇ ਅੰਦਰ ਗੈਸ ਚੈਮਬਰ ਇਤਿਹਾਸ ਵਿੱਚ ਪੜ੍ਹਦੇ ਹਾਂ ਜਿਥੇ ਹਜ਼ਾਰਾਂ ਯਹੂਦੀਆਂ ਨੂੰ ਇਕ ਵੱਡੇ ਸਾਰੇ ਹਾਲ ਵਿੱਚ ਬੰਦ ਕਰਕੇ ਅੰਦਰ ਗੈਸ ਛੱਡ ਦਿੱਤੀ ਜਾਂਦੀ ਸੀ ਇਥੇ ਸਾਨੂੰ ਸਟਾਲਿਨ ਦੇ ਵੀ ਕਾਰਨਾਮੇ ਯਾਦ ਆ ਜਾਂਦੇ ਹਨ ਕਿ ਜਿਵੇਂ ਨਵੇਂ ਯੁੱਗ ਦੀ ਸ਼ੁਰੂਆਤ ਮੰਨਦੇ ਹਾਂ ਜਦੋਂ ਹਕੂਮਤ ਲੋਕਾਂ 'ਤੇ ਜ਼ੁਲਮ ਵੀ ਕਰਦੀ ਹੈ ਉਨ੍ਹਾਂ ਦੀ ਨਸਲਕੁਸ਼ੀ ਕਰਦੀ ਹੈ ਪਰ ਇਹ ਛੁਪਾ ਕੇ ਰੱਖੇ ਜਾਂਦੇ ਹਨ ਇਹ ਸਟਾਲਿਨਿਸਟ ਨੀਤੀ ਕਹਾਉਂਦੀ ਹੈ।ਆਪਣੇ ਰਾਜਨੀਤਕ ਵਿਰੋਧੀ ਕੌਮਾਂ ਜਾਂ ਪਾਰਟੀ ਦੇ ਲੋਕਾਂ ਨੂੰ ਕਿਵੇਂ ਦੁਨੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਖ਼ਤਮ ਕਰਨਾ ਹੈ।

ਦੁਨੀਆ ਦੇ ਇਤਿਹਾਸ ਵਿੱਚ ਹੋਰ ਬਹੁਤ ਸਾਰੀਆਂ ਉਦਾਹਰਣਾਂ ਇਸ ਤਰ੍ਹਾਂ ਦੀਆਂ ਮਿਲ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਦੂਸਰੇ ਸੰਸਾਰ ਯੁੱਧ ਵਿੱਚ ਜਾਪਾਨੀ ਫੌਜਾਂ ਨੇ ਕੋਰੀਆਈ ਲੋਕਾਂ 'ਤੇ ਅੰਨ੍ਹੇਵਾਹ ਜ਼ੁਲਮ ਕੀਤੇ ਸਨ। ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਅਤੇ ਕਤਲੇਆਮ ਦੀ ਤੁਲਨਾ ਅਸੀਂ ਤੁਰਕੀ ਅਤੇ ਇਰਾਕ ਦੀਆਂ ਕੁਰਦਿਸ਼ ਲੋਕਾਂ ਨੂੰ ਦਬਾਉਣ ਨਾਲ ਕਰ ਸਕਦੇ ਹਾਂ। ਇਨ੍ਹਾਂ ਲੋਕਾਂ ਨੂੰ ਦਬਾਉਣ ਲਈ ਇਸ ਤਰ੍ਹਾਂ ਦੇ ਹੀ ਹੱਥਕੰਡੇ ਅਪਨਾਏ ਗਏ। ਲੋਕਾਂ ਨੂੰ ਇਸ ਤਰ੍ਹਾਂ ਮਾਰਿਆ ਅਤੇ ਦਬਾਇਆ ਗਿਆ ਕਿ ਉਹ ਲੰਮੇ ਸਮੇਂ ਤੱਕ ਉਠ ਨਾ ਸਕਣ। ਸਿੱਖਾਂ ਦੇ ਆਪਣੇ ਇਤਿਹਾਸ ਵਿੱਚ ਛੋਟੇ ਅਤੇ ਵੱਡੇ ਦੋ ਘੱਲੂਘਾਰੇ 18ਵੀਂ ਸਦੀ ਵਿੱਚ ਵਾਪਰੇ। ਇਹ ਕਤਲੇਆਮ ਬਿਨਾ ਕਿਸੇ ਭੇਦ ਦੇ ਕੀਤਾ ਗਿਆ ਹੈ ਜਦੋਂ ਔਰਤਾਂ, ਬੱਚੇ, ਬੁੱਢੇ ਵੀ ਫੌਜ ਨੇ ਮਾਰੇ ਕੁਝ ਇਸ ਤਰ੍ਹਾਂ ਦਾ ਇਥੇ ਗੁਰੂ ਰਾਮਦਾਸ ਸਰ੍ਹਾਂ ਵਿੱਚ ਵਾਪਰਿਆ ਕਿ ਕਿਵੇਂ ਅੰਦਰ ਤਹਿਖਾਨੇ ਵਿੱਚ ਬੰਦ ਔਰਤਾਂ ਤੇ ਬੱਚਿਆਂ ਨੂੰ ਅੱਗ ਵਾਲੇ ਬੰਬ ਸੁੱਟ ਕੇ ਅੰਦਰ ਹੀ ਖ਼ਤਮ ਕਰ ਦਿੱਤਾ ਗਿਆ। ਭੜਕੇ ਹੋਏ ਫੌਜੀਆਂ ਨੇ ਛੋਟੇ-ਛੋਟੇ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਤੋਂ ਖੋਹ ਕੇ ਸਰਾਂ ਵਿੱਚ ਦਰੀਆਂ ਅਤੇ ਰਜਾਈਆਂ ਵਾਲੇ ਕਮਰਿਆਂ ਵਿੱਚ ਲੱਗੀ ਹੋਈ ਅੱਗ ਵਿੱਚ ਸੁੱਟ ਦਿੱਤਾ। ਮੰਜੀ ਸਾਹਿਬ ਦੀਵਾਨ ਹਾਲ ਵਿੱਚ ਬੈਠੀ ਜ਼ਿਆਦਾਤਰ ਸੰਗਤ ਨੂੰ ਉਥੇ ਹੀ ਖ਼ਤਮ ਕਰ ਦਿੱਤਾ ਗਿਆ। ਇਨ੍ਹਾਂ ਵਿੱਚ ਜਵਾਨਾਂ ਨੂੰ ਪਹਿਲਾ ਕੱਢਿਆ ਗਿਆ ਇਨ੍ਹਾਂ ਦੇ ਹੱਥ ਪਿੱਛੋਂ ਇਨ੍ਹਾਂ ਦੀ ਹੀ ਪਗੜੀਆਂ ਨਾਲ ਬੰਨ੍ਹ ਕੇ ਪਰਕਰਮਾ ਵਿੱਚ ਲਿਜਾ ਕੇ ਗੋਲੀ ਮਾਰ ਦਿੱਤੀ। ਫੌਜੀਆਂ ਨੇ ਪਰਕਰਮਾ ਦੇ ਕਮਰਿਆਂ ਅਤੇ ਸਰਾਂ ਵਿੱਚ ਲੋਕਾਂ ਨੂੰ ਮਾਰਨ ਲਈ ਹਰ ਤਰੀਕਾ ਵਰਤਿਆ। ਜ਼ੁਲਮ ਹੱਦਾਂ ਬੰਨ੍ਹੇ ਟੱਪ ਗਿਆ। ਲੋਕ ਲੋਕਤਾਂਤਰਿਕ ਸਰਕਾਰ ਲੋਕਾਂ ਨਾਲ ਅਜਿਹਾ ਸਲੂਕ ਵੀ ਕਰ ਸਕਦੀ ਹੈ ਇਹ ਸਿੱਖਾਂ ਨੇ ਇਕ ਘੱਟਗਿਣਤੀ ਹੋਣ ਕਾਰਨ ਹੰਢਾਇਆ ਜੋ ਕਿ ਬਹੁਗਿਣਤੀ ਨੂੰ ਖੁਸ਼ ਕਰਨ ਅਤੇ ਉਨ੍ਹਾਂ ਦੀਆਂ ਵੋਟਾਂ ਲੈਣ ਲਈ ਕੀਤਾ ਗਿਆ ਸੀ।


6 ਜੂਨ ਨੂੰ ਦੁਪਹਿਰ ਤੱਕ ਫਾਇਰਿੰਗ ਬੰਦ ਹੋ ਚੁੱਕੀ ਸੀ। ਪਰਕਰਮਾ, ਸਰਾਵਾਂ ਅਤੇ ਅਕਾਲ ਤਖ਼ਤ ਸਾਹਿਬ ਦੇ 100 ਮੀਟਰ ਘੇਰੇ ਵਿੱਚ ਅਤੇ ਸਰਵੋਰ ਵਿੱਚ ਲਾਸ਼ਾਂ ਹੀ ਲਾਸ਼ਾਂ ਸਨ। ਇਸੇ ਦਿਨ ਹੀ ਮਿਊਂਸੀਪਲ ਕਾਰਪੋਰੇਸ਼ਨ ਦੇ ਲੋਕਾਂ ਦੀ ਡਿਊਟੀ ਇਨ੍ਹਾਂ ਲਾਸ਼ਾਂ ਨੂੰ ਸਾਂਭਣ ਵਿੱਚ ਲੱਗੀ। ਮਿਊਂਸੀਪਲ ਕਾਰਪੋਰੇਸ਼ਨ ਦਾ ਇਕ ਅਧਿਕਾਰੀ ਜੋ ਉਸ ਸਮੇਂ ਆਪਣੀ ਡਿਊਟੀ ਕਰ ਰਿਹਾ ਸੀ ਤੇ ਆਪਣੀਆਂ ਅੱਖਾਂ ਨਾਲ ਇਹ ਸਭ ਕੁਝ ਵੇਖਿਆ ਉਸਨੇ ਦੱਸਿਆ- "ਅਸੀਂ ਸਭ ਤੋਂ ਪਹਿਲਾ ਸੰਤ ਜਰਨੈਲ ਸਿੰਘ, ਬਾਬਾ ਥਾਹਰਾ ਸਿੰਘ, ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਕੱਢੀਆਂ। ਜਨਰਲ ਸੁਬੇਗ ਸਿੰਘ ਦੀ ਲਾਸ਼ ਨੂੰ ਠੁਡੇ ਮਾਰ ਗਏ। ਜਨਰਲ ਸੁਬੇਗ ਸਿੰਘ ਨੇ ਉਸ ਸਮੇਂ ਸਟੈਚਲਾਨ ਦੀ ਨੀਲੀ ਪੈਂਟ ਪਾਈ ਹੋਈ ਸੀ ਤੇ ਡੱਬੀਆਂ ਵਾਲੀ ਚਿੱਟੀ ਕਮੀਜ਼। ਸਾਰੇ ਕਰਮਚਾਰੀਆਂ ਨੇ ਬੂਟ ਪਾਏ ਹੋਏ ਸਨ। ਪਰਕਮਾ ਵਿੱਚ ਲਾਸ਼ਾਂ, ਕੰਕਰੀਟ, ਗੋਲੀਆਂ ਅਤੇ ਗੋਲਿਆਂ ਦੇ ਖੋਲ ਪਏ ਸਨ।"

ਇਤਿਹਾਸ ਵਿੱਚ ਸਿੰਘਾਂ ਦੇ ਸਿਰ ਗੱਡਿਆਂ ਉਤੇ ਢੋਅ ਕੇ ਲੋਕਾਂ ਦੇ ਪ੍ਰਦਰਸ਼ਨ ਲਈ ਦਿੱਲੀ ਲਾਹੌਰ ਲੈ ਜਾਂਦੇ ਰਹੇ ਤਾਂ ਕਿ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਕੇ ਉਨ੍ਹਾਂ ਨੂੰ ਇਹ ਦੱਸ ਦਿੱਤਾ ਜਾਵੇ ਕਿ ਜਿਹੜਾ ਹਕੂਮਤ ਦੇ ਖਿਲਾਫ਼ ਉਠੇਗਾ ਉਨ੍ਹਾਂ ਨਾਲ ਅਜਿਹਾ ਸਲੂਕ ਹੀ ਕੀਤਾ ਜਾਵੇਗਾ। ਪਰ ਇਤਿਹਾਸ ਗਵਾਹ ਹੈ ਕਿ ਅਜਿਹੇ ਵਰਤਾਇਆ ਨੇ ਸਿੱਖੀ ਨੂੰ ਇਕ ਨਵੀਂ ਦਿਸ਼ਾ ਤੇ ਸਿੱਖਾਂ ਵਿੱਚ ਇਕ ਨਵੀਂ ਰੂਹ ਫੂਕੀ। 6 ਜੂਨ ਤੱਕ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋਈ ਕਤਲੋਗਾਰਤ ਤੋਂ ਬਾਅਦ ਸਿੰਘਾਂ ਸਿੰਘਣੀਆਂ ਬੱਚਿਆਂ ਦੀਆਂ ਬੁੱਢਿਆਂ ਦੀਆਂ ਲਾਸ਼ਾਂ ਤਾਂ ਪੁਰ ਥਾਂ ਪਈਆਂ ਸਨ। ਕਈ ਜਗਾ ਲਾਸ਼ਾਂ ਦੇ ਢੇਰ ਲੱਗੇ ਪਏ ਸਨ। ਹਕੂਮਤ ਹਰ ਸਦੀ ਵਿੱਚ ਸਿੱਖਾਂ ਨਾਲ ਅਜਿਹਾ ਸਲੂਕ ਕਰਦੀਆਂ ਰਹੀਆਂ ਹਨ। ਜੇ ਆਪਾਂ ਬਾਕੀ ਸਦੀਆਂ ਨੂੰ ਛੱਡ ਦੇਈਏ ਤਾਂ ਇਕ ਇਕੱਲੀ ਵੀਹਵੀਂ ਸਦੀ ਵਿੱਚ ਹੀ ਅੰਮ੍ਰਿਤਸਰ ਦੇ ਸਿੱਖਾਂ ਨੂੰ ਦੋ ਵਾਰ ਹਕੂਮਤੀ ਕਤਲੋਗਾਰਤ ਦਾ ਸਾਹਮਣਾ ਕਰਨਾ ਪਿਆ। ਇਹ ਸਨ 1919 ਅਤੇ 1984-1919 ਵਿੱਚ ਵਿਸਾਖੀ ਵਾਲੇ ਦਿਨ ਬ੍ਰਿਟਿਸ਼ ਹਕੂਮਤ ਦੇ ਖਿਲਾਫ਼ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਡਾਇਰ ਨੇ ਅੰਨ੍ਹੇਵਾਹ ਗੋਲੀ ਚਲਾਈ, ਤਿੰਨ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਇਨ੍ਹਾਂ ਵਿੱਚੋਂ 85% ਸਿੱਖ ਸਨ। ਮਾਰਸ਼ਲ ਲਾਅ ਲਾ ਦਿੱਤਾ ਗਿਆ ਸੀ। ਲੋਕਾਂ 'ਤੇ ਹਰ ਤਰ੍ਹਾਂ ਦਾ ਅਤਿਆਚਾਰ ਕੀਤਾ ਗਿਆ। ਲੋਕਾਂ ਨੂੰ ਗਲੀਆਂ ਵਿੱਚ ਕੂਹਣੀਆਂ ਭਾਰ ਚੱਲਣ ਲਈ ਮਜ਼ਬੂਰ ਕੀਤਾ ਗਿਆ ਸੀ। ਕਿਉਂਕਿ ਬਗਾਨੀ ਹਕੂਮਤ ਲੋਕਾਂ ਨਾਲ ਅਜਿਹਾ ਸਲੂਕ ਹੀ ਕਰਦੀ ਹੈ। ਗੁਲਾਮ ਲੋਕਾਂ ਨੂੰ ਅਵਾਜ਼ ਚੁੱਕਣ ਦੇ ਬਦਲੇ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਜਾਂਦੀ ਹੈ। ਠੀਕ 65 ਸਾਲ ਬਾਅਦ ਇਕ ਹੋਰ ਕਤਲੇਆਮ ਅਤੇ ਅਤਿਆਚਾਰ ਲੋਕਾਂ ਨੇ ਆਪਣੇ ਤਨਾਂ-ਮਨਾਂ 'ਤੇ ਦੇਖਿਆ, ਹੰਢਾਇਆ। ਇਨ੍ਹਾਂ ਅਤਿਆਚਾਰਾਂ ਦੇ ਮਨੋਵਿਗਿਆਨਿਕ ਪ੍ਰਭਾਵ ਅੱਜ ਵੀ ਅੰਮ੍ਰਿਤਸਰ ਦੇ ਲੋਕਾਂ ਵਿੱਚ ਦੇਖੇ ਜਾ ਸਕਦੇ ਹਨ ਲੋਕ ਇੰਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਇਕ ਅਜੀਬ ਜਿਹਾ ਸਹਿਮ ਅੱਜ ਵੀ ਇਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਪੜ੍ਹਿਆ ਜਾ ਸਕਦਾ ਹੈ। ਇਨ੍ਹਾਂ ਲੋਕਾਂ ਨੇ ਚੁੱਪ ਚੁਪੀਤੇ ਇਥੋਂ 6 ਜੂਨ 1984 ਤੋਂ ਬਾਅਦ ਸਸਕਾਰ ਲਈ ਲਿਜਾਈਆਂ ਗਈਆਂ ਲਾਸ਼ਾਂ ਦਾ ਇਕ ਭਿਆਨਕ ਦ੍ਰਿਸ਼ ਦੇਖਿਆ ਜਿਹੜਾ ਅੱਜ ਵੀ ਇਨ੍ਹਾਂ ਦੇ ਜਿਹਨ 'ਚੋਂ ਨਹੀਂ ਨਿਕਲਿਆ। 3 ਜੂਨ ਤੋਂ 6 ਜੂਨ ਤੱਕ ਹੋਈ ਕਤਲੋਗਾਰਤ ਜਿਸ ਵਿੱਚ ਹਜ਼ਾਰਾਂ ਲੋਕ ਮਾਰੇ, ਹਜ਼ਾਰਾਂ ਹੀ ਜਖ਼ਮੀ ਹੋਏ। ਇਸਤੋਂ ਬਾਅਦ ਦਾ ਨਜ਼ਾਰਾ ਦਿਲ ਕੰਬਾਊ ਸੀ ਲਾਸ਼ਾਂ ਗੰਨਿਆਂ ਵਾਂਗ ਟਰਾਲੀਆਂ ਵਿੱਚ ਲੱਦ ਕੇ ਸ਼ਮਸ਼ਾਨਘਾਟ ਲਿਜਾਈਆਂ ਜਾਂਦੀਆਂ ਸਨ। ਮਿਊਂਸਪਲ ਕਾਰਪੋਰੇਸ਼ਨ ਦਾ ਇਕ ਅਧਿਕਾਰੀ ਜਿਸਨੇ ਇਹ ਸਭ ਕੁਝ ਆਪਣੇ ਹੱਥੀਂ ਕੀਤਾ ਸੀ, ਦਸ ਰਿਹਾ ਸੀ "6 ਜੂਨ ਦੁਪਹਿਰ ਤੋਂ ਬਾਅਦ ਸਾਨੂੰ ਹੁਕਮ ਮਿਲਿਆ ਕਿ ਇਨ੍ਹਾਂ ਸਾਰੀਆਂ ਲਾਸ਼ਾਂ ਦਾ ਸਸਕਾਰ ਕਰਕੇ ਟਿਕਾਣੇ ਲਾ ਦਿਓ" ਉਸਨੇ ਦੱਸਿਆ ਕਿ 50 ਤੋਂ ਜ਼ਿਆਦਾ ਆਦਮੀ 10 ਗੱਡੀਆਂ ਵਿੱਚ ਲਾਸ਼ਾਂ ਢੋਹੰਦੇ ਰਹੇ।

ਪਰਕਰਮਾ ਵਿੱਚ ਲਾਸ਼ਾਂ ਹੀ ਲਾਸ਼ਾਂ ਸਨ। ਖ਼ੂਨ ਦੀਆਂ ਨਦੀਆਂ ਚੱਲ ਰਹੀਆਂ ਸਨ। ਅਸੀਂ ਇਹ ਸੁਣਿਆ ਹੀ ਹੋਵੇਗਾ ਪਰ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਨੇ ਇਹ ਦੇਖਿਆ ਵੀ ਹੈ ਕਿ ਜਿਨ੍ਹਾਂ ਨਾਲਿਆਂ ਵਿੱਚ ਪਹਿਲਾ ਦਰਬਾਰ ਸਾਹਿਬ ਤੋਂ ਪਾਣੀ ਆਉਂਦਾ ਸੀ ਹੁਣ ਉਨ੍ਹਾਂ ਨਾਲਿਆਂ ਵਿੱਚ ਖ਼ੂਨ ਵਗ ਰਿਹਾ ਸੀ। ਮਿਊਂਸੀਪਲ ਕਾਰਪੋਰੇਸ਼ਨ ਦੇ ਲੋਕਾਂ ਨੇ ਇਸ ਸ਼ਰਤ 'ਤੇ ਲਾਸ਼ਾਂ ਚੁੱਕੀਆਂ ਕਿ ਜੋ ਪੈਸਾ, ਸੋਨਾ ਅਤੇ ਸਾਮਾਨ ਹੋਵੇਗਾ ਉਹ ਸਾਡਾ ਹੋਵੇਗਾ। ਇਨ੍ਹਾਂ ਦਾ ਕਹਿਣਾ ਸੀ ਕਿ ਇਕ ਦੋ ਦਿਨ ਤਾਂ ਸਾਡੇ ਕਰਮਚਾਰੀਆਂ ਨੇ ਇਹ ਕੰਮ ਕੀਤਾ ਪਰ ਪਿੱਛੋਂ ਜਦੋਂ ਫੌਜ ਨੇ ਇਹ ਵੇਖਿਆ ਕਿ ਇਹ ਸਾਰਾ ਕੁਝ ਲੈ ਜਾਣਗੇ ਤੀਜੇ ਦਿਨ ਫੌਜ ਵੀ ਪੈਸਾ ਸੋਨਾ ਅਤੇ ਸਾਮਾਨ 'ਕੱਠਾ ਕਰਨ ਵਿੱਚ ਜੁਟ ਗਈ। ਕਈ ਹਿਰਦੇਵੇਧਕ ਘਟਨਾਵਾਂ ਇਨ੍ਹਾਂ ਦੇ ਸਾਹਮਣੇ ਵਾਪਰੀਆਂ ਕਿ ਕਿਵੇਂ ਫੌਜੀ ਲਾਸ਼ਾਂ ਅਤੇ ਜ਼ਖਮੀਆਂ ਨੂੰ ਗਾਲਾਂ ਕੱਢ ਰਹੇ ਸਨ। ਇਕ ਬੀਬੀ ਦੀ ਲਾਸ਼ ਉਤੇ ਇਕ ਬੱਚਾ ਜੋ ਮਰ ਚੁੱਕਾ ਸੀ ਜਦੋਂ ਫੌਜੀਆਂ ਨੇ ਰਾਹ ਪੱਧਰਾ ਕਰਨ ਲਈ ਇਕ ਪਾਸੇ ਕੀਤੀ ਤਾਂ ਬੱਚਾ ਰੁੜ੍ਹ ਕੇ ਥੱਲੇ ਫਰਸ਼ ਉਥੇ ਆ ਡਿੱਗਾ। (ਚਲਦਾ)







★ ਪ੍ਰਣਾਮ ਸ਼ਹੀਦਾਂ ਨੂੰ ★

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਬਾਬਾ ਥਾਰਾ ਸਿੰਘ, ਸ਼ਹੀਦ ਜਨਰਲ ਸ਼ਬੇਗ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਜਿਨ੍ਹਾਂ ਨੇ ਜੂਨ 1984 ਵਿੱਚ 'ਧਰਮ ਹੇਤ ਸੀਸ ਵਾਰ' ਕੇ ਪੰਜਵੇਂ ਨਾਨਕ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ।

ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਗੁਰਦੁਵਾਰਾ ਸਾਹਿਬ Hesperia 1.30 pm ਕੱਲ ਐਤਵਾਰ ਆਰੰਭ SRI SEHEJ PATH JI In Memory of All Saheed who laid their lives for protection of SRI DARBARAND SRI AKAL TAKHATSAHIB of 6th. June AIHD ( ਤੀਸਰਾ ਘੱਲੂਘਾਰਾ) ਸ੍ਰੀ ਸਹਿਜ ਪਾਠ ਦੇ ਭੋਗ 7th. ਜੂਨ 2026 ਨੂੰ 10 ਵਜੇ ਪੈਣਗੇ ਉਪਰੰਤ ਸ਼ਹੀਦਾਂ ਦੀ ਯਾਦ ਵਿੱਚ ਦੀਵਾਨ ਸਜਾਏ ਜਾਣਗੇ

--★ ਜਾਰੀ ਕਰਤਾ ★--

# ਸਮੂਹ ਪ੍ਰਬੰਧਕ ਕਮੇਟੀ

## ਗੁਰਦੁਵਾਰਾ ਸਾਹਿਬ Hesperia U. S.A.

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

www.awazeqaumtv.com

# ਆਵਾਜ਼ਿ ਕੌਮ

Also On
Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 3 ਜੂਨ 2026 (ਨਾਨਕਸ਼ਾਹੀ ਸੰਮਤ : ੫੫੮, ੨੦ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਅਮਰੀਕਾ 'ਚ 30 ਭਾਰਤੀ ਟਰੱਕ ਡਰਾਈਵਰ ਗ੍ਰਿਫ਼ਤਾਰ, ਡਿਪੋਰਟੇਸ਼ਨ ਦੀ ਲਟਕੀ ਤਲਵਾਰ

**ਵਾਸ਼ਿੰਗਟਨ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ 'ਚ 30 ਭਾਰਤੀ ਟਰੱਕ ਡਰਾਈਵਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਣ ਦੀ ਜਾਣਕਾਰੀ ਮਿਲੀ ਹੈ। ਦੱਸਿਆ ਗਿਆ ਹੈ ਕਿ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲਗਭਗ 30 ਭਾਰਤੀ ਨਾਗਰਿਕਾਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਭਾਰਤ ਵਾਪਸ ਭੇਜਿਆ ਜਾਵੇਗਾ। ਰਿਪੋਰਟਾਂ ਅਨੁਸਾਰ, ਇਹ ਸਾਰੇ ਵਪਾਰਕ ਟਰੱਕ ਡਰਾਈਵਰਾਂ ਵਜੋਂ ਕੰਮ ਕਰ ਰਹੇ ਸਨ। ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਐਰੀਜ਼ੋਨਾ ਦੇ ਯੂਮਾ ਸੈਕਟਰ ਤੋਂ ਬਾਰਡਰ ਪੈਟਰੋਲ ਏਜੰਟਾਂ ਨੇ ਆਪ੍ਰੇਸ਼ਨ ਚੈੱਕਮੇਟ ਦੇ ਹਿੱਸੇ ਵਜੋਂ 11 ਤੋਂ 15 ਮਈ ਦੇ ਵਿਚਕਾਰ ਸੰਯੁਕਤ ਰਾਜ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 52 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਵਿੱਚੋਂ 36 ਟਰੱਕ ਚਲਾਉਂਦੇ ਪਾਏ ਗਏ। ਇਹਨਾਂ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਵਿੱਚੋਂ 30 ਭਾਰਤ ਤੋਂ ਸਨ, ਜਦੋਂ ਕਿ ਬਾਕੀ ਛੇ ਮੈਕਸੀਕੋ, ਅਲ ਸੈਲਵਾਡੋਰ ਅਤੇ ਰੂਸ ਤੋਂ ਸਨ। ਉਹਨਾਂ ਕੋਲ ਕੈਲੀਫੋਰਨੀਆ, ਨਿਊਯਾਰਕ, ਵਾਸ਼ਿੰਗਟਨ ਅਤੇ ਵਰਜੀਨੀਆ ਵਰਗੇ ਰਾਜਾਂ ਤੋਂ ਵਪਾਰਕ ਡਰਾਈਵਿੰਗ ਲਾਇਸੈਂਸ ਸਨ, ਜਦੋਂ ਕਿ ਕੁਝ ਕੋਲ ਕੋਈ ਵੀ ਡਰਾਈਵਿੰਗ ਲਾਇਸੈਂਸ ਨਹੀਂ ਸੀ। ਇਹਨਾਂ ਵਿੱਚੋਂ ਜ਼ਿਆਦਾਤਰ ਵਿਅਕਤੀਆਂ ਕੋਲ ਰੁਜ਼ਗਾਰ ਅਧਿਕਾਰ ਦਸਤਾਵੇਜ਼ ਸਨ, ਜੋ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਦੇ ਪ੍ਰਸ਼ਾਸਨ ਦੌਰਾਨ ਪ੍ਰਾਪਤ ਕੀਤੇ ਗਏ ਸਨ ਅਤੇ ਹੁਣ ਵੈਧ ਨਹੀਂ ਹਨ।

## ਪੰਜਾਬ 'ਚ ਨਿੱਜੀ ਹਸਪਤਾਲ 'ਤੇ ਹਮਲਾ

# ਵੱਡਾ ਧਮਾਕਾ, ਦਹਿਸ਼ਤ 'ਚ ਲੋਕ

**ਗੁਰਦਾਸਪੁਰ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਗੁਰਦਾਸਪੁਰ ਦੇ ਕਸਬਾ ਕਲਾਨੌਰ ਵਿਚ ਮੰਗਲਵਾਰ ਬਾਅਦ ਦੁਪਹਿਰ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਬੱਸ ਸਟੈਂਡ ਨੇੜੇ ਸਥਿਤ ਨਿੱਜੀ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਇਕ ਅਣਪਛਾਤੇ ਵਿਅਕਤੀ ਵੱਲੋਂ ਸੁੱਟੀ ਕਥਿਤ ਚੀਜ਼ ਨਾਲ ਜ਼ੋਰਦਾਰ ਧਮਾਕਾ ਹੋਇਆ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇਸ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ ਅਤੇ ਹਸਪਤਾਲ ਦੇ ਸ਼ੀਸ਼ੇ ਟੁੱਟ ਗਏ। ਹਾਲਾਂਕਿ ਇਸ ਘਟਨਾ ਵਿਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਮਿਲੀ ਅਤੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਘਟਨਾ ਤੋਂ ਬਾਅਦ ਇਲਾਕੇ ਵਿਚ ਹੜਕੰਪ ਮਚ ਗਿਆ ਅਤੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਮੌਕੇ 'ਤੇ ਮੌਜੂਦ ਲੋਕਾਂ ਅਤੇ ਨੇੜਲੇ ਦੁਕਾਨਦਾਰਾਂ ਨੇ ਦੱਸਿਆ ਕਿ ਧਮਾਕਾ ਬਹੁਤ ਤੇਜ਼ ਸੀ, ਜਿਸ ਕਾਰਨ ਆਲੇ-ਦੁਆਲੇ ਦੇ ਲੋਕ ਘਰਾਂ ਅਤੇ ਦੁਕਾਨਾਂ ਤੋਂ ਬਾਹਰ ਨਿਕਲ ਆਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀਐੱਸਪੀ ਅਮੋਲਕ ਸਿੰਘ ਕਾਹਲੋਂ, ਐੱਸਐੱਚਓ ਜਤਿੰਦਰਪਾਲ ਸਿੰਘ ਅਤੇ ਹੋਰ ਪੁਲਸ ਅਧਿਕਾਰੀ ਪੁਲਸ ਫੋਰਸ ਸਮੇਤ ਮੌਕੇ 'ਤੇ ਪੁੱਜੇ। ਇਸ ਦੇ ਨਾਲ ਹੀ ਐੱਸਐੱਸਪੀ ਗੁਰਦਾਸਪੁਰ ਵੀ ਘਟਨਾ ਸਥਾਨ 'ਤੇ ਪਹੁੰਚ ਕੇ ਸੁਰੱਖਿਆ ਪ੍ਰਬੰਧਾਂ ਅਤੇ ਜਾਂਚ ਕਾਰਵਾਈ ਦਾ ਜਾਇਜ਼ਾ ਲਿਆ। ਪੁਲਸ ਵੱਲੋਂ ਹਸਪਤਾਲ ਅਤੇ ਆਸ-ਪਾਸ ਦੇ ਖੇਤਰ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮੁੱਢਲੀ ਜਾਂਚ ਦੌਰਾਨ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ, ਜਿਸ ਵਿਚ ਇਕ ਸ਼ੱਕੀ ਵਿਅਕਤੀ ਦੀ ਤਸਵੀਰ ਸਾਹਮਣੇ ਆਉਣ ਦੀ ਜਾਣਕਾਰੀ ਮਿਲੀ ਹੈ। ਪੁਲਸ ਵੱਲੋਂ ਵੱਖ-ਵੱਖ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਮਲਾਵਰ ਦੀ ਪਛਾਣ ਕਰਨ ਦੇ ਯਤਨ ਜਾਰੀ ਹਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਟਨਾ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀ ਨੂੰ ਕਾਬੂ ਕਰ ਲਿਆ ਜਾਵੇਗਾ।



## ਬਠਿੰਡਾ ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ !

**ਬਠਿੰਡਾ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਮੰਗਲਵਾਰ ਨੂੰ ਪੂਰੇ ਸ਼ਹਿਰ 'ਚ ਹੜਕੰਪ ਮਚ ਗਿਆ। ਧਮਕੀ ਭਰੀ ਈਮੇਲ ਮਿਲਦੇ ਹੀ ਪੁਲਸ, ਖ਼ੁਫ਼ੀਆ ਏਜੰਸੀਆਂ ਅਤੇ ਸੁਰੱਖਿਆ ਬਲਾਂ 'ਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਦਾਲਤ ਕੰਪਲੈਕਸ ਨੂੰ ਤੁਰੰਤ ਸੁਰੱਖਿਆ ਘੇਰੇ 'ਚ ਲੈ ਲਿਆ ਗਿਆ ਅਤੇ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜ਼ੇ ਬੰਦ ਕਰ ਦਿੱਤੇ ਗਏ। ਸੂਚਨਾ ਮਿਲਦੇ ਹੀ ਬੰਬ ਨਿਰੋਧਕ ਦਸਤਾ, ਡੌਗ ਸਕੁਐਡ ਅਤੇ ਪੁਲਸ ਦੀਆਂ ਵਿਸ਼ੇਸ਼ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਪੂਰੇ ਕੋਰਟ ਕੰਪਲੈਕਸ, ਪਾਰਕਿੰਗ, ਦਫ਼ਤਰਾਂ ਅਤੇ ਜਨਤਕ ਥਾਵਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਕਈ ਘੰਟਿਆਂ ਤੱਕ ਚੱਲੇ ਸਰਚ ਆਪਰੇਸ਼ਨ ਦੌਰਾਨ ਅਦਾਲਤ ਕੰਪਲੈਕਸ 'ਚ ਆਉਣ-ਜਾਣ 'ਤੇ ਵੀ ਰੋਕ ਲਗਾ ਦਿੱਤੀ ਗਈ, ਜਿਸ ਕਾਰਨ ਉੱਥੇ ਮੌਜੂਦ ਲੋਕਾਂ 'ਚ ਚਿੰਤਾ ਅਤੇ ਡਰ ਦਾ ਮਾਹੌਲ ਬਣਿਆ ਰਿਹਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਧਮਕੀ ਈਮੇਲ ਰਾਹੀਂ ਭੇਜੀ ਗਈ ਸੀ, ਜਿਸ ਤੋਂ ਬਾਅਦ ਸੁਰੱਖਿਆ ਪ੍ਰੋਟੋਕਾਲ ਤਹਿਤ ਤੁਰੰਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਮੁੱਢਲੀ ਜਾਂਚ ਦੌਰਾਨ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਪਰ ਸੁਰੱਖਿਆ ਏਜੰਸੀਆਂ ਕਿਸੇ ਵੀ ਸੰਭਾਵਨਾ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਰਹੀਆਂ। ਉੱਧਰ, ਸਾਈਬਰ ਸੈੱਲ ਨੂੰ ਵੀ ਸਰਗਰਮ ਕਰ ਦਿੱਤਾ ਗਿਆ ਹੈ। ਮਾਹਿਰਾਂ ਦੀ ਟੀਮ ਈਮੇਲ ਭੇਜਣ ਵਾਲੇ ਦੀ ਪਛਾਣ ਅਤੇ ਉਸ ਦੇ ਸਰੋਤ ਤੱਕ ਪਹੁੰਚਣ ਲਈ ਤਕਨੀਕੀ ਜਾਂਚ 'ਚ ਜੁੱਟੀ ਹੋਈ ਹੈ। ਪੁਲਸ ਦਾ ਕਹਿਣਾ ਹੈ ਕਿ ਧਮਕੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਮਾਮਲੇ ਦੇ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਨੇ ਅਦਾਲਤ ਕੰਪਲੈਕਸ ਦੀ ਸੁਰੱਖਿਆ ਵਿਵਸਥਾ ਨੂੰ ਲੈ ਕੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਫਿਲਹਾਲ ਪੁਲਸ ਨੇ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਸੂਚਨਾ ਦੇਣ ਦੀ ਅਪੀਲ ਕੀਤੀ ਹੈ।




## ਡੀਜੀਪੀ ਦੇ ਰੀਡਰ ਓਪੀ ਰਾਣਾ ਨੇ CBI ਅਦਾਲਤ 'ਚ ਕੀਤਾ ਆਤਮ-ਸਮਰਪਣ, ਬੋਲਿਆ - ਮੈਨੂੰ ਝੂਠਾ ਫਸਾਇਆ ਜਾ ਰਿਹਾ...

**ਚੰਡੀਗੜ੍ਹ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਜੀਲੈਂਸ ਦਫ਼ਤਰ ਵਿੱਚ ਰਿਸ਼ਵਤ ਮਾਮਲੇ ਵਿੱਚ ਫਸੇ ਡੀਜੀਪੀ ਦੇ ਰੀਡਰ ਓਪੀ ਰਾਣਾ ਨੇ ਦੇਰ ਰਾਤ ਸੀਬੀਆਈ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਹੈ, ਜਿਸ ਤੋਂ ਬਾਅਦ ਅਦਾਲਤ ਨੇ ਉਸ ਨੂੰ 7 ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ। ਸੀਬੀਆਈ ਨੂੰ ਰਿਮਾਂਡ ਦੌਰਾਨ ਰਾਣਾ ਤੋਂ ਭ੍ਰਿਸ਼ਟਾਚਾਰ ਦੇ ਇਸ ਮਾਮਲੇ ਵਿੱਚ ਕਈ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ। ਰਾਣਾ ਪੰਜਾਬ ਵਿਜੀਲੈਂਸ ਬਿਊਰੋ ਵਿੱਚ ਤਾਇਨਾਤ ਅਧਿਕਾਰੀਆਂ ਨਾਲ ਸਬੰਧਤ 13 ਲੱਖ ਰੁਪਏ ਦੇ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਸੀਬੀਆਈ ਵੱਲੋਂ ਦਰਜ ਕੀਤੀ ਗਈ ਐਫਆਈਆਰ ਵਿੱਚ ਦੋਸ਼ੀ ਹੈ। ਜਾਣਕਾਰੀ ਅਨੁਸਾਰ, ਸੀਬੀਆਈ ਨੇ 11 ਮਈ ਨੂੰ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਰਾਘਵ ਗੋਇਲ, ਵਿਕਾਸ ਉਰਫ਼ ਵਿੱਕੀ ਗੋਇਲ ਅਤੇ ਅੰਕਿਤ ਵਧਵਾ ਨੂੰ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਨੇ ਇਹ ਮਾਮਲਾ ਮਲੋਟ ਦੇ ਇੱਕ ਅਧਿਕਾਰੀ ਦੀ ਸ਼ਿਕਾਇਤ 'ਤੇ ਦਰਜ ਕੀਤਾ ਸੀ। ਸੀਬੀਆਈ ਨੇ ਦਾਅਵਾ ਕੀਤਾ ਕਿ ਸ਼ਿਕਾਇਤਕਰਤਾ ਅਮਿਤ ਕੁਮਾਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ (ਡੀਏ) ਦਾ ਮਾਮਲਾ ਪੰਜਾਬ ਵਿਜੀਲੈਂਸ ਕੋਲ ਲੰਬਿਤ ਸੀ। ਏਜੰਸੀ ਦੇ ਅਨੁਸਾਰ, ਦੋਸ਼ੀ ਵਿਕਾਸ ਗੋਇਲ ਅਤੇ ਰਾਘਵ ਗੋਇਲ ਨੇ 29 ਅਪ੍ਰੈਲ, 2026 ਨੂੰ ਸ਼ਿਕਾਇਤਕਰਤਾ ਅਤੇ ਰਾਣਾ ਵਿਚਕਾਰ ਉਸਦੇ ਦਫ਼ਤਰ ਵਿੱਚ ਇੱਕ ਮੀਟਿੰਗ ਦੀ ਸਹੂਲਤ ਦਿੱਤੀ, ਜਿਸ ਦੌਰਾਨ ਰਾਣਾ ਨੇ ਕਥਿਤ ਤੌਰ 'ਤੇ "ਸਾਹਬ" ਅਤੇ ਆਪਣੇ ਲਈ ਇੱਕ ਸੈਮਸੰਗ ਗਲੈਕਸੀ ਜ਼ੈੱਡ ਫੋਲਡ-7 ਮੋਬਾਈਲ ਹੈਂਡਸੈੱਟ ਲਈ 20 ਲੱਖ ਰੁਪਏ ਦੀ ਮੰਗ ਕੀਤੀ, ਜੋ ਕਿ ਸਾਰੀ ਗੱਲਬਾਤ ਚੰਡੀਗੜ੍ਹ ਵਿਖੇ ਕੀਤੀ ਗਈ। ਸੀਬੀਆਈ ਨੇ ਦਾਅਵਾ ਕੀਤਾ ਕਿ ਦੋਵੇਂ ਮੁਲਜ਼ਮ ਸੀਨੀਅਰ ਵਿਜੀਲੈਂਸ ਅਧਿਕਾਰੀਆਂ ਲਈ ਵਿਚੋਲੇ ਵਜੋਂ ਕੰਮ ਕਰ ਰਹੇ ਸਨ, ਜਿਨ੍ਹਾਂ ਵਿੱਚ ਡੀਜੀਪੀ, ਵਿਜੀਲੈਂਸ, ਪੰਜਾਬ ਦੇ ਰੀਡਰ ਵੀ ਸ਼ਾਮਲ ਸਨ, ਅਤੇ ਸ਼ਿਕਾਇਤਕਰਤਾ ਨੂੰ ਇਹ ਭਰੋਸਾ ਦਿਵਾਉਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰ ਰਹੇ ਸਨ ਕਿ ਉਸਦਾ ਮਾਮਲਾ ਸੁਲਝਾਇਆ ਜਾ ਸਕਦਾ ਹੈ। ਸੀਬੀਆਈ ਦੇ ਅਨੁਸਾਰ, ਰਾਣਾ ਨੇ ਸ਼ਿਕਾਇਤਕਰਤਾ ਨੂੰ ਭਰੋਸਾ ਦਿੱਤਾ ਕਿ ਰਿਸ਼ਵਤ ਦੀ ਰਕਮ ਅਦਾ ਕਰਨ ਤੋਂ ਬਾਅਦ ਉਸਦੇ ਵਿਰੁੱਧ ਸ਼ਿਕਾਇਤ ਬੰਦ ਕਰ ਦਿੱਤੀ ਜਾਵੇਗੀ। ਏਜੰਸੀ ਨੇ ਅੱਗੇ ਦਾਅਵਾ ਕੀਤਾ ਕਿ ਜਾਲ ਵਿਛਾਏ ਗਏ ਅਭਿਆਨ ਦੌਰਾਨ, ਜਦੋਂ ਕਿ ਦੂਜੇ ਮੁਲਜ਼ਮਾਂ ਨੂੰ 13 ਲੱਖ ਰੁਪਏ ਨਕਦ ਅਤੇ ਮੋਬਾਈਲ ਫੋਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ, ਰਾਣਾ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਸੀਬੀਆਈ ਅਦਾਲਤ ਵੱਲੋਂ ਆਪਣੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਬਾਅਦ ਰਾਣਾ ਨੇ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ। ਉਸਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਈ ਰਾਹਤ ਨਹੀਂ ਮਿਲੀ। ਐਡਵੋਕੇਟ ਸੁਮੇਸ਼ ਜੈਨ ਰਾਹੀਂ ਦਾਇਰ ਆਤਮ ਸਮਰਪਣ ਅਰਜ਼ੀ ਵਿੱਚ ਰਾਣਾ ਨੇ ਦਾਅਵਾ ਕੀਤਾ ਕਿ ਉਸਨੂੰ ਇਸ ਮਾਮਲੇ ਵਿੱਚ ਝੂਠਾ ਫਸਾਇਆ ਗਿਆ ਹੈ। ਉਸਨੇ ਕਿਹਾ ਕਿ ਉਸਨੇ ਕਦੇ ਵੀ ਕਿਸੇ ਤੋਂ ਰਿਸ਼ਵਤ ਨਹੀਂ ਮੰਗੀ ਅਤੇ ਦੋਸ਼ ਲਗਾਇਆ ਕਿ ਪੂਰਾ ਮਾਮਲਾ ਸੀਬੀਆਈ ਰਾਹੀਂ ਘੜੀ ਗਈ ਇਕਤਰਫ਼ਾ ਕਹਾਣੀ ਸੀ।



## ਘੱਲੂਘਾਰਾ ਹਫ਼ਤੇ ਦੌਰਾਨ ਅੰਮ੍ਰਿਤਸਰ 'ਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ, 2500 ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ



**ਅੰਮ੍ਰਿਤਸਰ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਜੂਨ 1984 ਦੇ ਘੱਲੂਘਾਰਾ ਨੂੰ ਯਾਦ ਕਰਦੇ ਹੋਏ 6 ਜੂਨ ਨੂੰ ਮਨਾਏ ਜਾਣ ਵਾਲੇ ਘੱਲੂਘਾਰਾ ਦਿਵਸ ਅਤੇ ਚੱਲ ਰਹੇ ਘੱਲੂਘਾਰਾ ਹਫ਼ਤੇ ਨੂੰ ਧਿਆਨ ਵਿੱਚ ਰੱਖਦਿਆਂ ਅੰਮ੍ਰਿਤਸਰ ਪੁਲਿਸ ਵੱਲੋਂ ਸ਼ਹਿਰ ਭਰ ਵਿੱਚ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ ਤਾਂ ਜੋ ਸੰਗਤਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੇ ਵੱਖ-ਵੱਖ ਇਲਾਕਿਆਂ ਵਿੱਚ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ, ਜਿਸ ਵਿੱਚ ਸੀਨੀਅਰ ਪੁਲਿਸ ਅਧਿਕਾਰੀ ਵੀ ਹਿੱਸਾ ਲੈ ਰਹੇ ਹਨ। ਇਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਅਤੇ ਸ਼ਰਾਰਤੀ ਅਨਸਰਾਂ ਨੂੰ ਚੇਤਾਵਨੀ ਦੇਣਾ ਹੈ। ਸ਼ਹਿਰ ਦੇ ਅੰਦਰ ਅਤੇ ਬਾਹਰ ਜਾਣ ਵਾਲੇ ਮੁੱਖ ਰਸਤਿਆਂ 'ਤੇ ਨਾਕਾਬੰਦੀ ਕੀਤੀ ਗਈ ਹੈ ਅਤੇ ਵੱਖ-ਵੱਖ ਥਾਵਾਂ 'ਤੇ ਰਿਜ਼ਰਵ ਫੋਰਸ ਵੀ ਤਾਇਨਾਤ ਕੀਤੀ ਗਈ ਹੈ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੂੰ ਇਹ ਡਿਊਟੀ ਸਿਰਫ਼ ਡਿਊਟੀ ਨਹੀਂ, ਸਗੋਂ ਸੇਵਾ ਦੀ ਭਾਵਨਾ ਨਾਲ ਨਿਭਾਉਣ ਲਈ ਕਿਹਾ ਗਿਆ ਹੈ, ਤਾਂ ਜੋ ਹਰ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਰਾਮ ਅਤੇ ਸੁਰੱਖਿਆ ਨਾਲ ਮੱਥਾ ਟੇਕ ਸਕੇ। ਉਨ੍ਹਾਂ ਕਿਹਾ ਕਿ ਐਸਜੀਪੀਸੀ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਾਰੇ ਸੁਰੱਖਿਆ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ ਅਤੇ ਮਰਿਆਦਾ ਨੂੰ ਧਿਆਨ ਵਿੱਚ ਰੱਖਦਿਆਂ ਹੀ ਡਿਪਲਾਇਮੈਂਟ ਕੀਤੀ ਜਾਵੇਗੀ। ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਕਰੀਬ 2500 ਪੁਲਿਸ ਮੁਲਾਜ਼ਮ ਅਤੇ ਅਧਿਕਾਰੀ ਪਹਿਲਾਂ ਹੀ ਤਾਇਨਾਤ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਬਾਹਰੀ ਯੂਨਿਟਾਂ ਅਤੇ ਹੋਰ ਸੁਰੱਖਿਆ ਬਲਾਂ ਦੀ ਮਦਦ ਵੀ ਲਈ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਦਾ ਮਕਸਦ ਕਿਸੇ ਨੂੰ ਤੰਗ ਕਰਨਾ ਨਹੀਂ, ਸਗੋਂ ਸੁਰੱਖਿਆ ਯਕੀਨੀ ਬਣਾਉਣਾ ਹੈ। ਉਨ੍ਹਾਂ ਆਸ ਜਤਾਈ ਕਿ ਗੁਰੂ ਮਹਾਰਾਜ ਦੀ ਕਿਰਪਾ ਅਤੇ ਲੋਕਾਂ ਦੇ ਸਹਿਯੋਗ ਨਾਲ ਘੱਲੂਘਾਰਾ ਹਫ਼ਤੇ ਦੇ ਸਾਰੇ ਸਮਾਗਮ ਸ਼ਾਂਤੀਪੂਰਵਕ ਅਤੇ ਸੁਚੱਜੇ ਢੰਗ ਨਾਲ ਸੰਪੰਨ ਹੋਣਗੇ।

## ਪੰਜਾਬ ਕੈਬਨਿਟ ਮੀਟਿੰਗ 'ਚ ਕਿਸਾਨਾਂ ਲਈ ਵੱਡਾ ਫੈਸਲਾ, ਬੈਂਕ ਜ਼ਮੀਨ ਨਹੀਂ ਕਰ ਸਕਣਗੇ ਜ਼ਬਤ

**ਚੰਡੀਗੜ੍ਹ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਨੇ ਕਿਸਾਨਾਂ ਲਈ 26 ਸਾਲ ਪਹਿਲਾਂ ਬਣਾਈ ਕਿਸਾਨ ਕ੍ਰੈਡਿਟ ਕਾਰਡ ਨੀਤੀ ਨੂੰ ਬਦਲ ਦਿੱਤਾ ਹੈ। ਹੁਣ ਇਸਨੂੰ ਕਿਸਾਨਾਂ ਦੇ ਹੱਕ ਵਿੱਚ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਕਿਸਾਨਾਂ ਲਈ ਲੋਨ ਦੀ ਲਿਮਿਟ ਵਧਾ ਦਿੱਤੀ ਗਈ ਹੈ। ਇਸ ਵਿੱਚ ਕਈ ਫਸਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਨਿੱਜੀ ਬੈਂਕਾਂ ਨੂੰ ਵੀ ਹਦਾਇਤ ਦਿੱਤੀ ਹੈ ਕਿ ਉਹ ਕਿਸਾਨਾਂ ਦੀ ਜ਼ਮੀਨ ਜ਼ਬਤ ਨਾ ਕਰਨ। ਇਸ ਦੀ ਬਜਾਏ, ਕੋਈ ਹੋਰ ਤਰੀਕਾ ਅਪਣਾਇਆ ਜਾਵੇ। ਨਾਲ ਹੀ, ਡਿਫਾਲਟਰਾਂ ਦੀ ਸੂਚੀ ਵਿੱਚ ਕਿਸਾਨਾਂ ਦੀਆਂ ਫੋਟੋਆਂ ਸ਼ਾਮਲ ਨਾ ਕੀਤੀਆਂ ਜਾਣ। ਤਾਂ ਜੋ ਕਿਸਾਨ ਕਿਸੇ ਵੀ ਤਰ੍ਹਾਂ ਖੁਦਕੁਸ਼ੀ ਨਾ ਕਰਨ। ਇਸ ਦੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੇ ਯਤਨਾਂ ਕਾਰਨ ਕਿਸਾਨ ਖੁਦਕੁਸ਼ੀਆਂ ਘਟੀਆਂ ਹਨ। ਇਸ ਲਈ ਇੱਕ ਅਧਿਐਨ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਕਿਸਾਨਾਂ ਲਈ ਫਸਲੀ ਕਰਜ਼ੇ ਦੀ ਸੀਮਾ ਵਧਾ ਦਿੱਤੀ ਗਈ ਹੈ। ਪਹਿਲਾਂ ਕਣਕ ਦੇ ਫਸਲੀ ਕਰਜ਼ੇ 24,380 ਰੁਪਏ ਪ੍ਰਤੀ ਏਕੜ ਤੱਕ ਉਪਲਬਧ ਸਨ, ਜੋ ਹੁਣ ਵਧਾ ਕੇ 30,000 ਰੁਪਏ ਪ੍ਰਤੀ ਏਕੜ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਪਰਾਲੀ ਪ੍ਰਬੰਧਨ ਲਈ ਕੋਈ ਵੱਖਰੀ ਕਰਜ਼ਾ ਸਹੂਲਤ ਨਹੀਂ ਸੀ, ਪਰ ਹੁਣ ਕਿਸਾਨ ਪਰਾਲੀ ਪ੍ਰਬੰਧਨ ਲਈ ਪ੍ਰਤੀ ਏਕੜ 2,000 ਰੁਪਏ ਵਾਧੂ ਪ੍ਰਾਪਤ ਕਰ ਸਕਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਗੰਨਾ ਕਿਸਾਨਾਂ ਨੂੰ ਵੀ ਮਹੱਤਵਪੂਰਨ ਰਾਹਤ ਪ੍ਰਦਾਨ ਕੀਤੀ ਗਈ ਹੈ। ਪਹਿਲਾਂ ਗੰਨੇ ਦੀ ਫਸਲ ਲਈ ਕਰਜ਼ੇ ਦੀ ਸੀਮਾ 44,000 ਰੁਪਏ ਪ੍ਰਤੀ ਏਕੜ ਸੀ, ਜਿਸ ਨੂੰ ਹੁਣ ਵਧਾ ਕੇ 1 ਲੱਖ ਰੁਪਏ ਪ੍ਰਤੀ ਏਕੜ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਵਿੱਚ ਕੁਝ ਫਸਲਾਂ ਅਤੇ ਬਾਗਬਾਨੀ ਫਸਲਾਂ ਅਜਿਹੀਆਂ ਸਨ ਜਿਨ੍ਹਾਂ ਲਈ ਪਹਿਲਾਂ ਕੋਈ ਕਰਜ਼ਾ ਸਹੂਲਤ ਉਪਲਬਧ ਨਹੀਂ ਸੀ। ਹੁਣ, ਕਿਸਾਨਾਂ ਨੂੰ ਇਨ੍ਹਾਂ ਫਸਲਾਂ ਲਈ ਵੀ ਕਰਜ਼ੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਵੀਂ ਕਰਜ਼ਾ ਸੀਮਾ ਦੇ ਤਹਿਤ, ਪੋਪਲਰ 'ਤੇ 20,000 ਰੁਪਏ ਪ੍ਰਤੀ ਏਕੜ, ਬਾਂਸ 'ਤੇ 13,000 ਰੁਪਏ ਪ੍ਰਤੀ ਏਕੜ, ਬਲੈਕਬੇਰੀ 'ਤੇ 22,000 ਰੁਪਏ ਪ੍ਰਤੀ ਏਕੜ ਅਤੇ ਲੈਮਨਗ੍ਰਾਸ 'ਤੇ 30,000 ਰੁਪਏ ਪ੍ਰਤੀ ਏਕੜ ਤੱਕ ਦੇ ਕਰਜ਼ੇ ਉਪਲਬਧ ਹੋਣਗੇ।




ਲੜੀਵਾਰ
ਗੁਰਬਾਣੀ
ਕਥਾ ਵਿਚਾਰ
ਗੁਰਦੁਆਰਾ ਸ਼ੀਸ਼ਗੰਜ ਸਾਹਿਬ
6 ਜੂਨ 2026 ਨੂੰ ਸ਼ਨੀਵਾਰ
ਸਵੇਰੇ 7:30 ਤੋਂ 8:30 ਵਜੇ ਤੱਕ
Live on PTC SIMRAN
ਗੁਰਦੁਆਰਾ ਬੰਗਲਾ ਸਾਹਿਬ
7 ਜੂਨ 2026 ਨੂੰ ਐਤਵਾਰ
ਸਵੇਰੇ 7:30 ਤੋਂ 8:30 ਵਜੇ ਤੱਕ
Live on CHARDIKLA TIME TV
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ
ਸੰਪਰਕ ਨੰ.:
9356060960, 9814015740
ਆਵਾਜ਼ਿ ਕੌਮ AWAZE QAUM
International Newspaper & WEB TV
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ / Naam Japo
ਕਿਰਤ ਕਰੋ / Kirat Karo
ਵੰਡ ਛਕੋ / Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

1 ਨਵੰਬਰ 2026, ਦਿਨ ਐਤਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ
ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

"ੴ ਸਤਿਗੁਰ ਪ੍ਰਸਾਦਿ ॥"

# ਖੇਡਾਂ ਸਲੇਮ ਪੁਰ ਮਸੰਦਾ ਦੀਆਂ

## ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਸੇਵਕ

# ਬਾਬਾ ਦਾਸਾ ਜੀ ਦੇ ਸਾਲਾਨਾ ਜੋੜ ਮੇਲੇ ਤੇ

# 72ਵਾਂ ਸ਼ਾਨਦਾਰ ਵਾਲੀਵਾਲ ਅਤੇ ਕਬੱਡੀ ਟੂਰਨਾਂਮੈਂਟ

**24-6-2026 ਤੋਂ 28-6-2026 ਤੱਕ ਪਿੰਡ ਸਲੇਮਪੁਰ-ਮਸੰਦਾ ਵਿਖੇ ਕਰਵਾਇਆ ਜਾ ਰਿਹਾ ਹੈ ।**

ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਪਿੰਡ ਸਲੇਮਪੁਰ-ਮਸੰਦਾ ਵਿਖੇ ਪਿਛਲੇ ਸਾਲਾ ਦੀ ਤਰ੍ਹਾਂ ਕਬੱਡੀ ਅਤੇ ਵਾਲੀਵਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ । ਜਿਹੜਾ 24-6-2026 ਤੋਂ 28-6-2026 ਦਿਨ ਬੁੱਧਵਾਰ, ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਹੋ ਰਿਹਾ ਹੈ । ਸਾਰੇ ਇਲਾਕੇ ਦੇ ਖਿਡਾਰੀਆਂ ਅੱਗੇ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਟੀਮਾਂ ਭੇਜ ਕੇ ਮੇਲੇ ਦੀ ਰੌਣਕ ਨੂੰ ਵਧਾਓ ਜੀ ।

## ਪ੍ਰੋਗਰਾਮ

**ਦਿਨ ਸ਼ਨੀਵਾਰ 27 ਜੂਨ 2026 ਮੁਤਾਬਿਕ 13 ਹਾੜ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ........................................10.00 ਵਜੇ ਸਵੇਰੇ

**ਦਿਨ ਸੋਮਵਾਰ 29 ਜੂਨ 2026 ਮੁਤਾਬਿਕ 15 ਹਾੜ**

ਭੋਗ ਸ੍ਰੀ ਅਖੰਡ ਪਾਠ ਸਾਹਿਬ........................................9.00 ਵਜੇ ਸਵੇਰੇ ਉਪਰੰਤ 3 ਵਜੇ ਤੱਕ ਦਿਵਾਨ ਸਜੇਗਾ ।

ਆਵਾਜ਼ਿ ਕੌਮ AWAZE QAUM International Newspaper & WEB TV

**ਇਸ ਸ਼ੁਭ ਅਵਸਰ ਤੇ ਢਾਡੀ ਜੱਥਾ ਮੇਜਰ ਸਿੰਘ ਹੀਰਾ, ਢਾਡੀ ਜੱਥਾ ਸੁਖਵਿੰਦਰ ਸਿੰਘ ਅਨਮੋਲ ਸੰਗਤਾਂ ਨੂੰ ਨਿਹਾਲ ਕਰਨਗੇ ।**

27-28 ਜੂਨ ਸ਼ਾਮ 7-00 ਵਜੇ ਤੋਂ 9-00 ਵਜੇ ਤੱਕ ਭਾਈ ਸੁਲੱਖਣ ਸਿੰਘ ਮਾਛੀਵਾੜਾ ਸਾਹਿਬ ਵਾਲੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ।
ਸਲੇਮਪੁਰ ਤੇ ਪਰਾਗਪੁਰ ਵਾਲੀਆਂ ਬੀਬੀਆਂ ਦਾ ਜੱਥਾ 24 ਜੂਨ ਤੋਂ 28 ਜੂਨ ਤੱਕ ਸਵੇਰੇ 6-00 ਵਜੇ ਤੋਂ 8-00 ਵਜੇ ਤੱਕ ਸੁਖਮਨੀ ਸਾਹਿਬ ਦੇ ਜਾਪ ਕਰਨਗੇ ।

## ਇਸ ਟੂਰਨਾਂਮੈਂਟ ਵਿਚ ਹੇਠ ਲਿਖੀਆਂ ਖੇਡਾਂ ਹੋਣਗੀਆਂ

### ਕਬੱਡੀ ਮੁਕਾਬਲੇ

| | ਐਂਟਰੀ | ਪਹਿਲਾਂ ਇਨਾਮ | ਦੂਸਰਾ ਇਨਾਮ |
|---|---|---|---|
| ਸੱਦੀਆ ਹੋਇਆ 8 ਕਲੱਬਾ | 28 ਜੂਨ 1 ਵਜੇ ਤੋਂ | 111000/- | 81000/- |
| 75 ਕਿਲੋ ਕਲੱਬ | 27 ਜੂਨ 12 ਵਜੇ ਤੱਕ | 55000/- | 45000/- |
| 65 ਕਿਲੋ | 27 ਜੂਨ 8 ਵਜੇ ਤੱਕ | 45000/- | 35000/- |
| 55 ਕਿਲੋ | 26 ਜੂਨ 8 ਵਜੇ ਤੱਕ | 30000/- | 25000/- |
| 45 ਕਿਲੋ | 25 ਜੂਨ 8 ਵਜੇ ਤੱਕ | 20000/- | 15000/- |

27 ਜੂਨ ਨੂੰ 75 ਕਿਲੋ ਕਬੱਡੀ ਦਾ ਇੱਕ ਰਾਊਂਡ ਖਡਾਇਆ ਜਾਵੇਗਾ ।

ਨੋਟ-ਹਰੇਕ ਟੀਮ ਵਿਚ 2 ਖਿਡਾਰੀ ਬਾਹਰਲੇ ਖੇਡ ਸਕਦੇ ਹਨ ।

### ਵਾਲੀਵਾਲ ਮੁਕਾਬਲੇ

ਓਪਨ ਪਿੰਡ ਪੱਧਰ 28 ਜੂਨ

| ਪਹਿਲਾਂ ਇਨਾਮ | ਦੂਸਰਾ ਇਨਾਮ | ਤੀਸਰਾ ਇਨਾਮ | ਚੌਥਾ ਇਨਾਮ |
|---|---|---|---|
| 41000/- | 31000/- | 15000/- | 10000/- |

ਨੋਟ-2 ਖਿਡਾਰੀ ਬਾਹਰਲੇ ਖੇਡ ਸਕਦੇ ਹਨ ।

12 ਵਜੇ ਤੋਂ ਬਾਅਦ ਕੋਈ ਵੀ ਟੀਮ ਐਂਟਰ ਨਹੀਂ ਕੀਤੀ ਜਾਵੇਗੀ । ਪਹਿਲੀਆ 16 ਟੀਮਾਂ ਐਂਟਰ ਕੀਤੀਆ ਜਾਣਗੀਆ ।


ਮਿਤੀ 29 ਜੂਨ 2026 ਦਿਨ ਸੋਮਵਾਰ ਨੂੰ ਕੁਸ਼ਤੀਆਂ ਦੇ ਮੁਕਾਬਲੇ ਸ਼ਾਮ 4 ਵਜੇ ਕਰਵਾਏ ਜਾਣਗੇ । ਪੰਚਦੇ ਦੀ ਕੁਸ਼ਤੀ ਗਗਨ ਖਾਨਾ ਅਤੇ ਇਕਬਾਲ ਇਨਾਮ ਵਿਚ ਹੋਵੇਗੀ । ਛੋਟੇ ਛੋਟੇ ਅਖਾੜਿਆ ਦੀਆਂ ਕੁਸ਼ਤੀਆ ਕਰਵਾਈਆ ਜਾਣਗੀਆ ।



ਓਪਨ ਕਲੱਬ ਕਬੱਡੀ ਦੇ ਬੈਸਟ ਰੇਡਰ ਤੇ ਜਾਫੀ ਨੂੰ ਮੋਟਰਸਾਇਕਲ ਦਿੱਤੇ ਜਾਣਗੇ ।



75 ਕਿਲੋ ਕਬੱਡੀ ਬੈਸਟ ਰੇਡਰ ਤੇ ਜਾਫੀ ਨੂੰ ਮੋਟਰਸਾਇਕਲ ਦਿੱਤੇ ਜਾਣਗੇ ।



65 ਕਿਲੋ ਕਬੱਡੀ ਬੈਸਟ ਰੇਡਰ ਤੇ ਜਾਫੀ ਨੂੰ ਮੋਟਰਸਾਇਕਲ ਦਿੱਤੇ ਜਾਣਗੇ ।

55 ਕਿਲੋ ਕਬੱਡੀ ਬੈਸਟ ਰੇਡਰ ਤੇ ਜਾਫੀ ਨੂੰ 11000- 11000 ਹਜ਼ਾਰ ਰੁਪਏ ਦਿੱਤੇ ਜਾਣਗੇ । 45 ਕਿਲੋ ਬੈਸਟ ਰੇਡਰ ਤੇ ਜਾਫੀ ਨੂੰ 5100-5100 ਰੁਪਏ ਦਿੱਤੇ ਜਾਣਗੇ ।




24 ਜੂਨ ਦਿਨ ਬੁੱਧਵਾਰ ਦਸਤਾਰ ਮੁਕਾਬਲੇ 10 ਵਜੇ ਕਰਵਾਏ ਜਾਣਗੇ । ਉਮਰ 15 ਸਾਲ ਤੱਕ ਪਹਿਲਾ ਇਨਾਮ-5100, ਦੂਜਾ ਇਨਾਮ-4100, ਤੀਜਾ ਇਨਾਮ-3100 ਰੁਪਏ ਦਿੱਤੇ ਜਾਣਗੇ । ਉਮਰ 21 ਸਾਲ ਤੱਕ ਪਹਿਲਾ ਇਨਾਮ-7100, ਦੂਜਾ ਇਨਾਮ-6100 ਰੁਪਏ ਦਿੱਤੇ ਜਾਣਗੇ ।



24 ਜੂਨ ਦਿਨ ਬੁੱਧਵਾਰ ਨੂੰ ਦੁਪਹਿਰ 2 ਵਜੇ ਬਲਦਾ ਦੇ ਹੱਲਟ ਮੁਕਾਬਲੇ ਕਰਵਾਏ ਜਾਣਗੇ । ਪਹਿਲਾ ਇਨਾਮ-



ਦੂਸਰਾ ਇਨਾਮ-20000, ਤੀਜਾ ਇਨਾਮ-15000, ਚੌਥਾ ਇਨਾਮ-11000, ਪੰਜਵਾ ਇਨਾਮ -10000 ਰੁਪਏ ਹਰੇਕ ਸੈਂਟਰ ਵਾਲੀ ਜੋੜੀ ਨੂੰ 3100-3100 ਰੁਪਏ ਦਿੱਤੇ ਜਾਣਗੇ ।



ਬੈਸਟ ਵਾਲੀਵਾਲ ਖਿਡਾਰੀ ਫਾਈਨਲ 11000 ਰੁਪਏ ਤੀਜੇ ਤੇ ਚੌਥੇ ਵਿਚੋ ਬੈਸਟ 5100 ਰੁਪਏ

### ਜੌਹਲ ਹਸਪਤਾਲ

ਵਲੋ ਖਿਡਾਰੀਆ ਅਤੇ ਬਾਹਰੋ ਆਏ ਦਰਸ਼ਕਾ ਨੂੰ ਫਰੀ ਮੈਡੀਕਲ ਸਹਾਇਤਾ ਦਿੱਤੀ ਜਾਵੇਗੀ ।

**ਗੁਰੂ ਕਾ ਲੰਗਰ ਅਟੁੱਟ ਵਰਤੇਗਾ ।**

**ਨੋਟ : ਇਹ ਕਬੱਡੀ ਟੂਰਨਾਮੈਂਟ ਗੁਰਦੁਆਰਾ ਬਾਬਾ ਦਾਸਾ ਜੀ ਦੇ ਅਸਥਾਨ ਦੇ ਨਜ਼ਦੀਕ ਕਰਵਾਇਆ ਜਾਵੇਗਾ ।**

ਜ਼ਰੂਰੀ ਸ਼ਰਤਾ : 1. ਕੋਈ ਵੀ ਖਿਡਾਰੀ ਤੇਲ ਅਤੇ ਵੈਸਲੀਨ ਵਗੈਰਾ ਸਰੀਰ ਉੱਤੇ ਲਾਕੇ ਨਹੀਂ ਖੇਡ ਸਕਦਾ। 2. ਪੰਜ ਖਿਡਾਰੀਆ ਤੋਂ ਘੱਟ ਖਿਡਾਰੀ ਹੋਣ ਦੀ ਸੂਰਤ ਵਿੱਚ ਨੰਬਰ ਵਿਰੋਧੀ ਟੀਮ ਨੂੰ ਦਿੱਤੇ ਜਾਣਗੇ । 3. ਹਰੇਕ ਟੀਮ ਦਾ ਭਾਰ ਇਕ ਵਾਰੀ ਤੋਲਿਆ ਜਾਵੇਗਾ ਤੇ ਜੇ ਕੋਈ ਟੀਮ ਇਤਰਾਜ਼ ਕਰਦੀ ਹੈ ਤਾਂ ਖਿਡਾਰੀ ਦਾ ਭਾਰ ਦੁਆਰਾ ਤੋਲਿਆ ਜਾਵੇਗਾ। 4. ਜਿਹੜੀਆ ਵੀ ਟੀਮਾਂ ਆਪਸ ਵਿੱਚ ਰਲ ਕੇ ਖੇਡਣਗੀਆਂ ਉਹਨਾਂ ਨੂੰ ਟੂਰਨਾਮੈਂਟ ਵਿਚੋ ਬਾਹਰ ਕੱਢ ਦਿੱਤਾ ਜਾਵੇਗਾ । 5. **ਹਰੇਕ ਖਿਡਾਰੀ ਆਪਣੇ 2 ਪਛਾਣ ਪੱਤਰ ਨਾਲ ਲੈਕੇ ਆਵੇ ।** 6. ਕੋਈ ਵੀ ਖਿਡਾਰੀ ਨਸ਼ਾ ਕਰਕੇ ਨਹੀਂ ਖੇਡ ਸਕਦਾ । 7. ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆ । 8. ਕਿਸੇ ਵੀ ਕਿਸਮ ਦੇ ਝਗੜਾ ਜਾਂ ਇਤਰਾਜ਼ ਤੇ ਆਖਰੀ ਫੈਸਲਾ ਬਾਬਾ ਦਾਸਾ ਜੀ ਮੈਨੇਜਮੈਂਟ ਕਮੇਟੀ ਦਾ ਹੋਵੇਗਾ । 9. **ਕਬੱਡੀ ਦੇ ਬੈਸਟ ਖਿਡਾਰੀ ਸੈਮੀ ਫਾਈਨਲ ਅਤੇ ਫਾਈਨਲ ਵਿਚੋਂ ਕੱਢੇ ਜਾਣਗੇ ।**



ਰੱਸਾ-ਕੱਸੀ ਕਲੱਬ
ਮਿਤੀ 28-6-2026
ਇਨਾਮ 20000, 15000 ਰੁਪਏ

malwatv ਲਾਈਵ ਮੇਲਾ ਮਿਤੀ 26-27-28-29 ਜੂਨ 2026 ਨੂੰ ਦਿਖਾਏ ਜਾਣਗੇ ।

**ਵੱਲੋਂ : ਬਾਬਾ ਦਾਸਾ ਜੀ ਪ੍ਰਬੰਧਕ ਕਮੇਟੀ, (ਰਜਿ.) ਗ੍ਰਾਮ ਪੰਚਾਇਤ, ਐਨ. ਆਰ. ਆਈ. ਵੀਰ ਅਤੇ ਭੈਣਾ, ਸਮੂਹ ਸਾਧ ਸੰਗਤ ਸਲੇਮਪੁਰ ਮਸੰਦਾਂ (ਜਲੰਧਰ)**

**ਪਿੰਡ ਸਲੇਮਪੁਰ ਮਸੰਦਾਂ ਜੀ.ਟੀ. ਰੋਡ, ਪਰਾਗਪੁਰ ਤੋਂ ਚੜ੍ਹਦੇ ਵੱਲ 1 ਕਿ. ਮੀ. ਦੀ ਦੂਰੀ ਤੇ ਜਲੰਧਰ ਵੱਲ ਹੈ ।**

**ਧੰਨ ਧੰਨ ਬਾਬਾ ਦਾਸਾ ਜੀ ਦੇ 72 ਵੇ ਸਲਾਨਾ ਜੋੜ ਮੇਲੇ ਦੇ ਸਬੰਧ ਵਿਚ ਕਬੱਡੀ ਬਲਦਾ ਦੀਆ ਹਲਟ ਦੌੜਾ ਵਾਲੀਵਾਲ ਰੱਸਾਕੱਸੀ ਦਸਤਾਰ ਮੁਕਾਬਲੇ ਕੁਸ਼ਤੀਆ ਦੇ ਮੁਕਾਬਲੇ ਕਰਵਾਏ ਜਾਣਗੇ**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਘੱਲੂਘਾਰਾ ਜੂਨ 1984 ਨੂੰ

## 5, 6, 7 ਜੂਨ ਨੂੰ ਭਾਰੀ ਦੀਵਾਨ ਸਜਣਗੇ



☛ ਸ਼ਹੀਦੀ ਦਿਹਾੜਾ ਦਮਦਮੀ ਟਕਸਾਲ ਦੇ 14 ਵੇਂ ਮੁਖੀ ਸਿੱਖ ਕੌਮ ਜਰਨੈਲ ਸ੍ਰੀਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਨਾਲ ਦੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਭੁਝੰਗੀਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਨੂਰ

• ਸ਼ੁੱਕਰਵਾਰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ 10 : 30 ਵਜੇ ਹੋਵੇਗੀ 5 ਜੂਨ ਨੂੰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ। • ਸ਼ਨਿੱਚਰਵਾਰ 6 ਜੂਨ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 7 ਜੂਨ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਪਹਿਲਾਂ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਸ੍ਰੀ ਅਖੰਡ ਪਾਠ ਸਾਹਿਬ ਦੇ 10:30 ਪੈਣਗੇ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਜੀ ਨੂਰ ਢਾਡੀ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

• ਤਰਾਂ ਤਰਾਂ ਦੇ ਸਟਾਲ ਵੀ ਲੱਗਣਗੇ • ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ

# ਸੱਚਖੰਡ ਸ੍ਰੀ ਦਰਬਾਰ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਜਮਤ ਲਈ ਸ਼ਹਾਦਤ ਦਿੱਤੀ : ਪੰਜੋਲੀ









**ਪਿੰਡ ਰੋਡੇ (ਮੋਗਾ), 2 ਜੂਨ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾ ਵਾਲੇ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਮਹਾਨ ਸ਼ਹੀਦ ਸਨ। ਉਨਾ ਨੇ ਸੱਚਖੰਡ ਸ੍ਰੀ ਦਰਬਾਰ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਅਜਮਤ ਲਈ ਸ਼ਹਾਦਤ ਦਿੱਤੀ।ਉਨਾ ਨੇ ਆਪਣੇ ਜੀਵਨ ਕਾਲ ਵਿਚ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਕਰਕੇ ਮਨਮਤਿ ਨੂੰ ਠੱਲ ਪਾਈ। ਗੁਰਮਤਿ ਦੇ ਰੰਗ ਵਿੱਚ ਰੰਗੀ ਹੋਈ ਸ਼ਖ਼ਸੀਅਤ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੋ ਪ੍ਰੇਰਨਾ ਲੈ ਕੇ ਨੌਜਵਾਨ ਪੀੜ੍ਹੀ ਜਿਹੜੀ ਮਾਸਕੋ ਅਤੇ ਪੀਕਿੰਗ ਦੀ ਵਿਚਾਰਧਾਰਾ ਨਾਲ ਜੁੜੀ ਹੋਈ ਸੀ ਟੁੱਟ ਕੇ ਸ਼੍ਰੀ ਅਨੰਦਪੁਰੀ ਵਿਚਾਰਧਾਰਾ ਨਾਲ ਵੱਡੀ ਗਿਣਤੀ ਵਿੱਚ ਜੁੜ ਗਈ ਉਨਾ ਵਲੋ ਕੀਤੇ ਗਏ ਗੁਰਮਤਿ ਦੇ ਪ੍ਰਚਾਰ ਨਾਲ ਜੁੜ ਕੇ ਨੌਜਵਾਨਾਂ ਨੇ ਕੇਵਲ ਸਿੱਖੀ ਸਰੂਪ ਹੀ ਨਹੀਂ ਰੱਖਿਆ ਬਲਕਿ ਸ਼ਹਾਦਤ ਦਾ ਜਾਮ ਤੱਕ ਪੀ ਲਿਆ। ਸੰਤ ਜਰਨੈਲ ਸਿੰਘ ਜੀ ਨੇ ਖਾਲਸਾ ਪੰਥ ਦੀ ਅੱਡਰੀ ਅਜ਼ਾਦ ਅਤੇ ਨਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਨੌਜਵਾਨਾਂ ਵਿਚ ਜਾਗਰੂਕਤਾ ਪੈਦਾ ਕੀਤੀ ।ਉਨਾ ਨੇ ਪੰਥ ਵਿਰੋਧੀ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਪੰਥਕ ਏਕਤਾ ਤੇ ਜ਼ੋਰ ਦਿੱਤਾ ਉਨਾ ਨੇ ਗੁਰੂ ਡੰਮ ਦੇ ਖਿਲਾਫ਼ ਵੀ ਬਹੁਤ ਪ੍ਰਚਾਰ ਕੀਤਾ ਅਤੇ ਸਿੱਖਾ ਨੂੰ ਅਪੀਲ ਕੀਤੀ ਕਿ ਉਹ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ। ਅੱਜ ਪਿੰਡ ਰੋਡੇ ਵਿਖੇ ਉਨਾ ਨੂੰ ਸ਼ਰਧਾ ਸਤਿਕਾਰ ਅਤੇ ਅਕੀਦਤ ਦੇ ਫੁੱਲ ਭੇਟ ਕਰਨ ਲਈ ਸੰਗਤਾਂ ਦਾ ਲਾਮਿਸਾਲ ਇਕੱਠ ਹੋਇਆ ਇਸ ਇਕੱਠ ਵਿੱਚ ਮੇਰੇ ਸਮੇਤ ਹਰ ਬੁਲਾਰੇ ਨੇ ਪੰਥਕ ਏਕਤਾ ਤੇ ਜ਼ੋਰ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ਜੂਨ ਚੁਰਾਸੀ




ਇਹ ਜਖਮ ਅਵੱਲੇ ਨੇ, ਜੋ ਅੱਜ ਤੱਕ ਅੱਲ੍ਹੇ ਨੇ।
ਲੱਖ ਮੱਲ੍ਹਮਾਂ ਲਾ ਲਈਆਂ, ਮੱਲ੍ਹਮਾਂ ਵੀ ਛਿੱਲੇ ਨੇ।
ਜੋ ਜੂਨ ਚੁਰਾਸੀ ਵਿੱਚ ਗੁਰੂਆਂ ਦੀ ਧਰਤੀ ਤੇ,
ਇੱਕ ਕਹਿਰ ਵਰਤਿਆ ਸੀ।
ਮੌਕੇ ਦਾ ਹਾਕਮ ਜੋ ਆਪਣੀ ਹੀ ਪਰਜਾ ਤੇ,
ਬਣ ਬੱਦਲ ਗਰਜਿਆ ਸੀ।
ਪੰਜਵੇਂ ਜੋ ਨਾਨਕ ਸੀ, ਸੀ ਦਿਨ ਸ਼ਹਾਦਤ ਦਾ।
ਬਾਣੀ ਦੇ ਬੋਹਿਥ ਦਾ, ਸਿਜਦਾ ਜੋ ਕਰਨ ਗਏ।
ਉਸ ਅਮਨ ਉਪਾਸਕ ਦੀ, ਸਿਰਮੌਰ ਸ਼ਹਾਦਤ ਨੂੰ।
ਤੋਪਾਂ ਦੀ ਗਰਜਣ ਨੇ, ਸੀ ਜਾਮ ਸ਼ਹਾਦਤ ਦਾ,
ਉਹਨਾਂ ਲਈ ਭਰ ਦਿੱਤਾ।
ਮੀਂਹ ਵਰ੍ਹਿਆ ਪਿੱਤਲ ਦਾ, ਧਰਤੀ ਤੇ ਅੰਬਰ ਨੂੰ,
ਸੀ ਸੂਹਾ ਕਰ ਦਿੱਤਾ।
ਕੁਰਸੀ ਦਿਆਂ ਯਾਰਾਂ ਨੇ, ਹੰਕਾਰੀ ਹਕੂਮਤ ਦੇ,
ਕੁੱਛ ਤਾਬੇਦਾਰਾਂ ਨੇ।
ਅੰਮ੍ਰਿਤ ਦੇ ਸਰਵਰ ਨੂੰ, ਜੋ ਜੀਵਨ ਦੇਂਦਾ ਸੀ,
ਲਾਸ਼ਾ ਨਾ' ਭਰ ਦਿੱਤਾ।
ਉੱਥੇ ਰੱਬੀ ਬਾਣੀ ਦਾ ਇੱਕ ਚਸ਼ਮਾ ਵਹਿੰਦਾ ਸੀ,
ਉਹ ਗੰਧਲਾ ਕਰ ਦਿੱਤਾ।
ਬਾਣੀ ਦੇ ਤਰਵਰ ਨੂੰ, ਬਾਰੂਦ ਦੇ ਧੂੰਏਂ ਨੇ,
ਸੀ ਖਾਕ ਬਣਾ ਦਿੱਤਾ।
ਉਨ੍ਹਾਂ ਪਾਕ ਹਵਾਵਾਂ ਨੂੰ, ਉਨ੍ਹਾਂ ਪਾਕ ਫਿਜਾਂਵਾਂ ਨੂੰ,
ਨਾਪਾਕ ਬਣਾ ਦਿੱਤਾ।
ਹਰਿਮੰਦਰ ਸੋਨੇ ਦਾ, ਕੁੱਲ ਦੁਨੀਆਂ ਤੋਂ ਸੋਹਣਾ,
ਸੀ ਕਾਲਾ ਕਰ ਦਿੱਤਾ।
ਮੀਰੀ ਤੇ ਪੀਰੀ ਦੇ, ਉਸ ਛੇਵੇਂ ਨਾਨਕ ਨੇ,
ਜੋ ਹੱਥੀਂ ਸਿਰਜਿਆ ਸੀ।
ਉਸ ਤਖਤ ਮੁਬਾਰਕ ਨੂੰ, ਟੈਂਕਾਂ ਤੇ ਬੰਬਾਂ ਨਾ,
ਢਹਿਢੇਰੀ ਕਰ ਦਿੱਤਾ।
ਸਤਿਗੁਰ ਦੀ ਸੰਗਤ ਉਹ, ਚੱਲਕੇ ਜੋ ਆਏ ਸੀ,
ਲੋਥਾਂ ਬਣ ਰਹਿ ਗਏ ਸੀ।
ਉੱਚੇ ਮੀਨਾਰਾਂ ਜਹੇ, ਸਰਦਾਰੀ ਬੁੰਗੇ ਜੋ,
ਬੰਬਾਂ ਨਾ ਢਹਿ ਗਏ ਸੀ।
ਦੁਨੀਆਂ ਸਰਬੱਤ ਦਾ, ਭਲਾ ਜੋ ਮੰਗਦੇ ਸੀ,
ਅਰਦਾਸਾਂ ਕਰ ਕਰ ਕੇ।
ਲੱਖਾਂ ਹੀ ਆਉਂਦੇ ਸੀ, ਲੈ ਜਾਂਦੇ ਸੀ ਏਥੋਂ,
ਝੋਲੀਆਂ ਭਰ ਭਰ ਕੇ।
ਵਰਿਆਂ ਦੇ ਪਿੱਛੋ ਅੱਜ ਵੀ, ਜੁੜਦੀ ਹੈ ਸੰਗਤ,
ਪਹਿਲਾਂ ਜਿਵੇਂ ਜੁੜਦੀ ਸੀ।
ਅੰਮ੍ਰਿਤ ਬਣ ਵਰ੍ਹਦੀ ਅੱਜ ਵੀ, ਦਿਲਾਂ ਵਿੱਚ ਹੈ ਵਸਦੀ,
ਬਾਣੀ ਜੋ ਧੁਰ ਦੀ ਸੀ।
ਤੁਰ ਗਏ ਮੂੰਹ ਕਾਲਾ ਕਰਕੇ, ਦੁਨੀਆਂ ਤੋਂ ਖੱਟ ਲਾਹਨਤਾਂ, ਜਾਲਿਮ ਹੰਕਾਰੀ ਜੋ।
ਵਸਦੀ ਹੈ ਅੰਮ੍ਰਿਤ ਨਗਰੀ, ਪਹਿਲਾਂ ਤੋਂ ਦੂਣੀ ਚੌਣੀ,
ਗੁਰੂਆਂ ਦੀ ਪਿਆਰੀ ਜੋ।

-ਗੁਰਦੀਪ ਕੌਰੇਆਣਾ, 9915013953

ਆਵਾਜ਼ਿ ਕੌਮ AWAZE QAUM International Newspaper & WEB TV



## ਮੈਥੇਮੈਟਿਕਸ ਅਤੇ ਕੰਪਿਊਟਰ ਓਲੰਪੀਆਡ ਪ੍ਰੀਖਿਆਵਾਂ ਵਿਚ ਸੇਂਟ ਸੋਲਜਰ ਦੇ ਵਿਦਿਆਰਥੀ ਮੋਹਰੀ ਰਹੇ



ਜੰਡਿਆਲਾ ਗੁਰੂ 2 ਜੂਨ ( ਕੁਲਵੰਤ ਸਿੰਘ ਵਿਰਦੀ ) ਬੀਤੇ ਦਿਨ ਸੇਂਟ ਸੋਲਜਰ ਇਲੀਟ ਕਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਨੇ ਸਾਇੰਸ ਓਲੰਪੀਆਡ ਫਾਊਂਡੇਸ਼ਨ ਵੱਲੋਂ ਲਈਆਂ ਗਈਆਂ ਇੰਟਰਨੈਸ਼ਨਲ ਮੈਥੇਮੈਟਿਕਸ ਓਲੰਪੀਆਡ ਅਤੇ ਇੰਟਰਨੈਸ਼ਨਲ ਕੰਪਿਊਟਰ ਸਾਇੰਸ ਓਲੰਪੀਆਰਡ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਸਫਲਤਾਵਾਂ ਪ੍ਰਾਪਤ ਕੀਤੀਆਂ। ਇੰਟਰਨੈਸ਼ਨਲ ਮੈਥਮੈਟਿਕਸ ਓਲੰਪੀਆਰ ਵਿੱਚ ਸਕੂਲ ਦੇ ਕੁੱਲ 50 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸਾਰੇ ਹੀ ਵਿਦਿਆਰਥੀਆਂ ਨੇ ਗੋਲਡ ਮੈਡਲ ਆਫ ਐਕਸੀਲੈਂਸ ਪ੍ਰਾਪਤ ਕੀਤਾ ।ਇਸੇ ਤਰਾਂ ਕੰਪਿਊਟਰ ਸਾਇੰਸ ਓਲੰਪੀਆਹੜ ਦੇ ਵਿੱਚ 9 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ ਐਕਸੀਲੈਂਸ ਪ੍ਰਾਪਤ ਕੀਤਾ ।ਸਕੂਲ ਲਈ ਬੜੇ ਮਾਣ ਵਾਲੀ ਗੱਲ ਇਹ ਹੋਈ ਕਿ ਸਕੂਲ ਦੀ ਤੀਸਰੀ ਕਲਾਸ ਦੀ ਵਿਦਿਆਰਥਨ ਪੂਰਵੀ ਨੂੰ ਜੋਨਲ ਰੈਂਕ ਵਿੱਚੋਂ 15ਵਾਂ ਅਤੇ ਅੰਤਰਰਾਸ਼ਟਰੀ ਰੈਂਕ ਵਿੱਚੋਂ 133ਵਾਂ ਰੈਂਕ ਪ੍ਰਾਪਤ ਕਰਨ ਕਰਕੇ ਗੋਲਡ ਮੈਡਲ ਆਫ ਡਿਸਟਰਿਕਸ਼ਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ .ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਇਹ ਸਫਲਤਾਵਾਂ ਸਾਡੇ ਵਿਦਿਆਰਥੀਆਂ ਦੇ ਸਮਰਪਣ, ਮਿਹਨਤ ਅਤੇ ਸਾਡੇ ਅਧਿਆਪਕਾਂ ਦੇ ਨਿਰੰਤਰ ਮਾਰਗਦਰਸ਼ਨ ਨਾਲ ਪ੍ਰਾਪਤ ਹੁੰਦੀਆਂ ਹਨ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਜੀ ਨੇ ਵੱਲੋਂ ਸਾਰੇ ਜੇਤੂ ਵਿਦਿਆਰਥੀਆਂ ਅਤੇ ਸਮਰਪਿਤ ਅਧਿਆਪਕਾਂ ਦੀ ਇਸ ਪ੍ਰਾਪਤੀ ਦੀ ਖੂਬ ਸ਼ਲਾਗਾ ਕੀਤੀ ਅਤੇ ਵਧਾਈ ਦਿੱਤੀ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਦੀਪ ਸ਼ਰਮਾ, ਵਾਈਸ ਪ੍ਰਿੰਸੀਪਲ ਸ੍ਰੀਮਤੀ ਸ਼ਿਲਪਾ ਸ਼ਰਮਾ, ਨੀਲਾਕਸ਼ੀ ਸ਼ਰਮਾ ਕੋਆਰਡੀਨੇਟਰ ,ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ !

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਜਲਾਵਤਨੀ ਭਾਈ ਜਗਦੀਸ ਸਿੰਘ ਭੂਰਾ ਦੀ ਚੌਥੀ ਬਰਸੀ ਮੌਕੇ

# ‘ਕੌਰਨਾਮਾ-3’ ਬੈਲਜੀਅਮ ’ਚ ਕੀਤੀ ਗਈ ਜਾਰੀ



**ਨਵੀਂ ਦਿੱਲੀ, 2 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਬੈਲਜੀਅਮ ਸਥਿਤ ਗੁਰਦੁਆਰਾ ਮਾਤਾ ਸਾਹਿਬ ਕੌਰ ਵਿਖੇ ਜਲਾਵਤਨੀ ਭਾਈ ਜਗਦੀਸ ਸਿੰਘ ਭੂਰਾ ਦੀ ਚੌਥੀ ਬਰਸੀ ਮੌਕੇ ਬੀਬੀਆਂ ਵੱਲੋਂ ‘ਕੌਰਨਾਮਾ-3’ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਕਿਤਾਬ ਜਾਰੀ ਕੀਤੀ ਗਈ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆ ਸਰਗਰਮ ਆਗੂ ਤੇ ਸਿੱਖ ਫੈਡਰੇਸ਼ਨ ਜਰਮਨ ਦੇ ਭਾਈ ਗੁਰਮੀਤ ਸਿੰਘ ਖਨਿਆਣ ਨੇ ਕਿਹਾ ਕਿ ਜਲਾਵਤਨੀ ਭਾਈ ਜਗਦੀਸ ਸਿੰਘ ਭੂਰਾ ਨੇ ਜਿੱਥੇ ਮੌਜੂਦਾ ਸੰਘਰਸ਼ ’ਚ ਸੇਵਾਵਾਂ ਦਿੱਤੀਆਂ ਨੇ ਉਥੇ ਦੂਜੀ ਸੰਸਾਰ ਜੰਗ ਦੌਰਾਨ ਸ਼ਹੀਦ ਸਿੰਘ ਦੀ ਯਾਦ ’ਚ ਬੈਲਜੀਅਮ ਦੇ ਸ਼ਹਿਰ ਈਪਰ ’ਚ ਦਰਵਾਜਾ ਤੇ ਸ਼ਹੀਦਾਂ ਦੀ ਯਾਦਗਰ ਦੀ ਸਥਾਪਨਾ ਵੀ ਕੀਤੀ, ਜਿੱਥੇ ਹਰ ਸਾਲ ਸ਼ਹੀਦੀ ਸਮਾਗਮ ਕਰਵਾਇਆ ਜਾਂਦਾ ਹੈ। ਭਾਈ ਗੁਰਮੀਤ ਸਿੰਘ ਖਨਿਆਣ ਨੇ ਕਿਤਾਬ ‘ਕੌਰਨਾਮਾ-3’ ਬਾਰੇ ਬੋਲਦਿਆ ਕਿਹਾ ਕਿ ਮੌਜੂਦਾ ਸਿੱਖ ਸੰਘਰਸ਼ ਤੇ ਜੂਨ ਚੁਰਾਸੀ ਦੇ ਘੱਲੂਘਾਰਾ ਦੇ ਇਤਿਹਾਸ ਨੂੰ ਸਾਂਭਣਾ ਵਰਤਮਾਨ ਤੇ ਭਵਿੱਖ ਲਈ ਬਹੁਤ ਜਰੂਰੀ ਹੈ, ਕਿਉਂਕਿ ਇੰਡੀਅਨ ਸਟੇਟ ਦਾ ਹਰ ਟੂਲ ਸਾਡੀ ਪੀੜ੍ਹੀ ਨੂੰ ਇਸ ਇਤਿਹਾਸ ਤੋਂ ਇਕ ਸਾਜਿਸ ਤਹਿਤ ਸੱਖਣਾ ਤੇ ਬੇਮੁੱਖ ਕਰ ਰਿਹਾ ਹੈ। ਉਹਨਾਂ ਦੱਸਿਆ ਕਿ ਖਾੜਕੂ ਸੰਘਰਸ਼ ਦੌਰਾਨ ਸ਼ਹੀਦ ਹੋਈਆਂ ਬੀਬੀਆਂ ਦੀ ਗਾਥਾ ਸਬੰਧੀ ‘ਕੌਰਨਾਮਾ’ ਲੜੀ ਦੀ ਤੀਜੀ ਕਿਤਾਬ ’ਚ ਜੂਨ ਚੁਰਾਸੀ ਘੱਲੂਘਾਰਾ ਦੌਰਾਨ ਸ੍ਰੀ ਦਰਬਾਰ ਸਾਹਿਬ ’ਚ ਸ਼ਹੀਦ ਹੋਈਆਂ ਬੀਬੀਆਂ ਦਾ ਸਾਖੀ ਹੈ, ਜਿਹੜੇ ਉਹਨਾਂ ਦੀ ਬਚ ਗਏ ਵਾਰਸ਼ਾਂ, ਰਿਸ਼ਤੇਦਾਰਾਂ ਜਾਂ ਜਾਣੂਆਂ ਤੋਂ ਤੱਥ ਇਕੱਠੇ ਕੀਤੇ ਹਨ। ਉਹਨਾਂ ਕਿਹਾ ਕਿ ਭਾਈ ਦਲਜੀਤ ਸਿੰਘ ਬਿੱਟੂ ਖਾਲਸਾ ਜੀ ਦੀ ਅਗਵਾਈ ਹੇਠ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਨੇ ਸਖ਼ਤ ਮਿਹਨਤ ਕਰਕੇ ਇਸ ਨੂੰ ਦਸਤਾਵੇਜ ਦਾ ਰੂਪ ਦਿੱਤਾ, ਜਿਸ ਨੂੰ ਸੰਗਤ ਭਰਭੂਰ ਹੁੰਗਾਰਾ ਦੇ ਰਹੀ ਹੈ। ਸਮਾਗਮ ’ਚ ਦੇਸ਼ਾਂ ਵਿਦੇਸ਼ਾਂ ਤੋਂ ਪੁੱਜੇ ਬੁਲਾਰਿਆਂ ’ਚ ਸਿੱਖ ਫੈਡਰੇਸ਼ਨ ਜਰਮਨ ਦੇ ਪ੍ਰਧਾਨ ਭਾਈ ਖੁਸਹਾਲ ਸਿੰਘ ਲਾਲੀ, ਸਤਨਾਮ ਸਿੰਘ ਦੋਆਬਾ, ਭਾਈ ਰਜਿੰਦਰ ਸਿੰਘ ਜਰਮਨੀ, ਭਾਈ ਇੰਦਰਜੀਤ ਸਿੰਘ ਹੋਲੈਂਡ, ਭਾਈ ਕਰਨਪਾਲ ਸਿੰਘ ਹੇਰਾਂ ਸ਼ਾਮਲ ਸਨ। ਸਟੇਜ ਦੀ ਸੇਵਾ ਭਾਈ ਰਘਬੀਰ ਸਿੰਘ ਪੁਆੜ ਫਰਾਂਸ ਸਟੇਟ ਨੇ ਬਾਖੂਬੀ ਨਿਭਾਈ। ਭਾਈ ਮਨਜੋਤ ਸਿੰਘ ਭੂਰਾ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਜਾਗੋ ਵਾਲਾ ਜਥਾ ਯੂ.ਕੇ. ਨੇ ਸ਼ਹੀਦਾਂ ਦੀਆਂ ਵਾਰਾਂ ਤੇ ਜੂਨ ਚੁਰਾਸੀ ਦੇ ਘੱਲੂਘਾਰਾ ਦੇ ਪ੍ਰਸੰਗ ਪੇਸ਼ ਕੀਤੇ। ਵਿਸੇਸ ਤੌਰ ’ਤੇ ਭਾਈ ਗੁਰਦਿਆਲ ਸਿੰਘ ਢਗਾਸੂ, ਭਾਈ ਪ੍ਰਿਥਪਾਲ ਸਿੰਘ ਪਟਵਾਰੀ, ਭਾਈ ਜਸਵੰਤ ਸਿੰਘ ਪਾੜ੍ਹਾ, ਭਾਈ ਪਰਤਾਪ ਸਿੰਘ ਜਰਮਨੀ ਅਤੇ ਸੁਖਦੇਵ ਸਿੰਘ ਹੇਰਾਂ ਨੇ ਵੀ ਹਾਜ਼ਰੀ ਭਰੀ। ਭਾਈ ਭੂਰਾ ਦੀ ਚੌਥੀ ਬਰਸੀ ਮੌਕੇ ਯੂਰਪ ਦੀਆਂ ਸੰਗਤਾਂ ਦੀ ਵੀ ਸਮੂਲੀਅਤ ਰਹੀ।

**ਸਿੱਖ ਸੰਘਰਸ਼ ਦੇ ਮਾਣ ਮੱਤੇ ਇਤਿਹਾਸ ਨੂੰ ਸਾਂਭਣਾ ਵਰਤਮਾਨ ਤੇ ਭਵਿੱਖ ਲਈ ਜਰੂਰੀ-ਭਾਈ ਖਨਿਆਣ**

### ਘਲੂਘਾਰੇ 1984 ਵਿਚ ਸ਼ਹੀਦਾਂ ਦਾ ਡੁਲਿਆ ਲਹੂ ਕੌਮ ਨੂੰ ਹਰ ਵੇਲੇ ਇਹ ਸੰਦੇਸ਼ ਦਿੰਦਾ ਰਹੇਗਾ ਕਿ

# ਜ਼ੁਲਮ ਅੱਗੇ ਝੁਕਣਾ ਸਿੱਖੀ ਦਾ ਮਾਰਗ ਨਹੀਂ: ਭਾਈ ਗੁਰਦੇਵ ਸਿੰਘ ਕੋਹਾੜਕਾ

**☛ ਜਿਨ੍ਹਾਂ ਸਿੰਘਾਂ, ਬੀਬੀਆਂ ਅਤੇ ਨੌਜਵਾਨਾਂ ਨੇ ਗੁਰੂ ਘਰ ਦੀ ਸਤਿਕਾਰ ਅਤੇ ਕੌਮੀ ਸਵਾਭਿਮਾਨ ਲਈ ਆਪਣੇ ਸੀਸ ਵਾਰੇ, ਉਨ੍ਹਾਂ ਦੀ ਕੁਰਬਾਨੀ ਸਦੀਵੀਂ ਪੰਥ ਦੇ ਮੱਥੇ ਦਾ ਰਹੇਗੀ ਤਾਜ ☛ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਇਤਿਹਾਸ ਵੀ ਉਨ੍ਹਾਂ ਨੂੰ ਸਤਿਕਾਰ ਨਾਲ ਰੱਖਦਾ ਹੈ ਯਾਦ**



**ਨਵੀਂ ਦਿੱਲੀ 2 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਜੂਨ 1984 ਸਿੱਖ ਇਤਿਹਾਸ ਦਾ ਉਹ ਦੁਖਦਾਇਕ ਸਮਾਂ ਹੈ, ਜਿਸਦੀ ਚੋਟ ਅੱਜ ਵੀ ਹਰ ਗੁਰੂ ਨਾਨਕ ਨਾਮ ਲੇਵਾ ਦੇ ਹਿਰਦੇ ਵਿੱਚ ਤਾਜ਼ਾ ਹੈ। ਸੱਚ, ਅਣਖ ਅਤੇ ਧਾਰਮਿਕ ਅਜ਼ਾਦੀ ਦੀ ਪ੍ਰਤੀਕ ਧਰਤੀ ਸ੍ਰੀ ਹਰਿਮੰਦਰ ਸਾਹਿਬ ‘ਤੇ ਕੀਤਾ ਗਿਆ ਹਮਲਾ ਸਿੱਖ ਪੰਥ ਕਦੇ ਵੀ ਨਹੀਂ ਭੁੱਲ ਸਕਦਾ। ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਅਤੇ ਪੰਥ ਪ੍ਰਸਿੱਧ ਰਾਗੀ ਭਾਈ ਗੁਰਦੇਵ ਸਿੰਘ ਕੋਹਾੜਕਾ ਨੇ ਕਿਹਾ ਉਸ ਸਮੇਂ ਹਜ਼ਾਰਾਂ ਨਿਰਦੋਸ਼ ਸੰਗਤਾਂ, ਸੇਵਾਦਾਰਾਂ ਅਤੇ ਸਿੱਖ ਨੌਜਵਾਨਾਂ ਨੇ ਆਪਣੀਆਂ ਜਾਨਾਂ ਗਵਾਈਆਂ। ਸ਼੍ਰੀ ਅਕਾਲ ਤਖ਼ਤ ਸਾਹਿਬ ਸਮੇਤ ਅਨੇਕਾਂ ਗੁਰਧਾਮਾਂ ਨੂੰ ਪਹੁੰਚਾਇਆ ਗਿਆ ਨੁਕਸਾਨ ਸਿਰਫ਼ ਇਮਾਰਤ ਦਾ ਨੁਕਸਾਨ ਨਹੀਂ ਸੀ, ਸਗੋਂ ਸਿੱਖ ਕੌਮ ਦੀਆਂ ਭਾਵਨਾਵਾਂ, ਆਸਥਾ ਅਤੇ ਅਸਤੀਤਵ ‘ਤੇ ਕੀਤਾ ਗਿਆ ਇੱਕ ਡੂੰਘਾ ਅਤੇ ਨਾ ਭੁੱਲਣਯੋਗ ਘਾਅ ਸੀ। ਉਨ੍ਹਾਂ ਕਿਹਾ ਸਿੱਖ ਪੰਥ ਉਸ ਵੇਲੇ ਦੀ ਹਕੂਮਤ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ, ਜਿਸਨੇ ਆਪਣੀ ਤਾਕਤ ਦੇ ਜ਼ੋਰ ‘ਤੇ ਗੁਰੂ ਘਰ ਦੀ ਪਵਿੱਤਰਤਾ ਨੂੰ ਲਹੂ-ਲੁਹਾਣ ਕੀਤਾ। ਇਹ ਕਾਰਵਾਈ ਲੋਕਤੰਤਰ, ਧਾਰਮਿਕ ਅਧਿਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਇੱਕ ਵੱਡਾ ਅਪਰਾਧ ਸੀ। ਉਨ੍ਹਾਂ ਕਿਹਾ ਜੂਨ 84 ਘਲੂਘਾਰੇ ਦੇ ਸ਼ਹੀਦ ਸਿਰਫ਼ ਇਤਿਹਾਸ ਦੇ ਸਫ਼ਿਆਂ ਦਾ ਹਿੱਸਾ ਨਹੀਂ, ਸਗੋਂ ਕੌਮ ਦੀ ਰੂਹ, ਅਣਖ ਅਤੇ ਸੰਘਰਸ਼ ਦੀ ਜਿਉਂਦੀ ਜਾਗਦੀ ਨਿਸ਼ਾਨੀ ਹਨ। ਜਿਨ੍ਹਾਂ ਸਿੰਘਾਂ, ਬੀਬੀਆਂ ਅਤੇ ਨੌਜਵਾਨਾਂ ਨੇ ਗੁਰੂ ਘਰ ਦੀ ਸਤਿਕਾਰ ਅਤੇ ਕੌਮੀ ਸਵਾਭਿਮਾਨ ਲਈ ਆਪਣੇ ਸੀਸ ਵਾਰ ਦਿੱਤੇ, ਉਨ੍ਹਾਂ ਦੀ ਕੁਰਬਾਨੀ ਸਦੀਵੀਂ ਪੰਥ ਦੇ ਮੱਥੇ ਦਾ ਤਾਜ ਰਹੇਗੀ। ਉਨ੍ਹਾਂ ਦਾ ਲਹੂ ਕੌਮ ਨੂੰ ਹਰ ਵੇਲੇ ਇਹ ਸੰਦੇਸ਼ ਦਿੰਦਾ ਰਹੇਗਾ ਕਿ ਜ਼ੁਲਮ ਅੱਗੇ ਝੁਕਣਾ ਸਿੱਖੀ ਦਾ ਮਾਰਗ ਨਹੀਂ। ਭਾਈ ਗੁਰਦੇਵ ਸਿੰਘ ਨੇ ਕਿਹਾ ਅੱਜ ਲੋੜ ਹੈ ਕਿ ਅਸੀਂ ਸ਼ਹੀਦਾਂ ਦੀ ਯਾਦ ਨੂੰ ਸਿਰਫ਼ ਸਮਾਗਮਾਂ ਤੱਕ ਸੀਮਤ ਨਾ ਰੱਖੀਏ, ਸਗੋਂ ਉਨ੍ਹਾਂ ਦੇ ਆਦਰਸ਼ਾਂ, ਨਿਡਰਤਾ ਅਤੇ ਕੌਮੀ ਚੇਤਨਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ। ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਇਤਿਹਾਸ ਵੀ ਉਨ੍ਹਾਂ ਨੂੰ ਸਤਿਕਾਰ ਨਾਲ ਯਾਦ ਰੱਖਦਾ ਹੈ। ਜੂਨ 84 ਦੇ ਸ਼ਹੀਦਾਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣੀ ਰਹੇਗੀ। ਅੰਤ ਵਿਚ ਉਨ੍ਹਾਂ ਕਿਹਾ ਅਸੀਂ ਜੂਨ 84 ਦੇ ਸਮੂਹ ਸ਼ਹੀਦਾਂ ਨੂੰ ਸਿਰ ਨਿਵਾ ਕੇ ਸ਼ਰਧਾਂਜਲੀ ਭੇਟ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਕੌਮ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹੇ, ਆਪਣੇ ਸ਼ਹੀਦਾਂ ਦੀ ਵਿਰਾਸਤ ਦੀ ਰਾਖੀ ਕਰੇ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਣਾ ਲੈਂਦੀ ਰਹੇ। ਜੂਨ 84 ਦੇ ਸ਼ਹੀਦ ਅਮਰ ਰਹਿਣ। ਸ਼ਹੀਦਾਂ ਦੀ ਸੋਚ ਅਮਰ ਰਹੇ।

## ਨਾਦੇੜ ਪੁਲਿਸ ਵੱਲੋਂ ਸਿੱਖਾਂ ਦੇ ਪਵਿੱਤਰ ਕਕਾਰ ਕਿਰਪਾਨ ਦੀ ਜ਼ਬਰਦਸਤੀ ਜ਼ਬਤੀ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਸਿੱਖ ਧਾਰਮਿਕ ਆਜ਼ਾਦੀ ਅਤੇ ਭਾਵਨਾਵਾਂ ’ਤੇ ਹੈ ਸਿੱਧਾ ਹਮਲਾ: ਮਾਨ



ਨਵੀਂ ਦਿੱਲੀ, 2 ਜੂਨ (ਮਨਪ੍ਰੀਤ ਸਿੰਘ ਖਾਲਸਾ):- “ਮਹਾਰਾਸਟਰ ਸੂਬੇ ਵਿਚ ਸਾਡੇ ਮਹਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਦੇੜ ਵਿਖੇ ਜੋ ਲੰਮੇ ਸਮੇ ਤੋ ਸਾਡੇ ਸਿੱਖੀ ਕਕਾਰਾ ਵਿਚ ਸਾਮਿਲ ਕਿਰਪਾਨ ਬਣਾਉਦੇ ਆ ਰਹੇ ਸਨ, ਉਨ੍ਹਾਂ ਨੂੰ ਸਿੱਖ ਸੰਗਤ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਆਪੋ ਆਪਣੇ ਘਰਾਂ ਵਿਚ ਸਜਾਉਦੀ ਰਹੀ ਹੈ। ਉਸ ਸਿੱਖ ਧਰਮ ਦੇ ਅੰਦਰੂਨੀ ਮਾਮਲਿਆ ਵਿਚ ਨਾਦੇੜ ਪੁਲਿਸ ਨੇ ਸਿੱਧਾ ਦਖਲ ਦੇ ਕੇ ਜੋ ਕਿਰਪਾਨਾ ਬਣਾਉਣ ਵਾਲਿਆ ਅਤੇ ਉਥੇ ਕਿਰਪਾਨਾ ਸੰਗਤਾਂ ਨੂੰ ਦੇਣ ਵਾਲਿਆ ਉਤੇ ਤਿੱਖਾ ਹਥਿਆਰ ਕਹਿਕੇ ਕੇਸ ਦਰਜ ਕੀਤੇ ਹਨ ਅਤੇ 4796 ਦੇ ਕਰੀਬ ਕਿਰਪਾਨਾ ਜਬਰੀ ਗੈਰ ਕਾਨੂੰਨੀ ਤੇ ਗੈਰ ਧਾਰਮਿਕ ਤੌਰ ਤੇ ਜਬਤ ਕਰਕੇ ਸਿੱਖ ਮਨਾਂ ਤੇ ਆਤਮਾਵਾ ਨੂੰ ਡੂੰਘੀ ਠੇਸ ਪਹੁੰਚਾਉਣ ਦੀ ਦੁੱਖਦਾਇਕ ਕਾਰਵਾਈ ਕੀਤੀ ਹੈ, ਉਸਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਥੋੜੀ ਹੈ। ਇਹ ਸਿੱਧੇ ਤੌਰ ਤੇ ਸਿੱਖਾਂ ਦੇ ਧਾਰਮਿਕ ਮਾਮਲਿਆ ਉਤੇ ਵੱਡਾ ਹਮਲਾ ਕਰਨ ਦੇ ਤੁੱਲ ਅਸਹਿ ਕਾਰਵਾਈ ਹੈ। ਜਿਸ ਨੂੰ ਸਿੱਖ ਕੌਮ ਕਦਾਚਿਤ ਬਰਦਾਸਤ ਨਹੀ ਕਰੇਗੀ। ਜੇਕਰ ਮਹਾਰਾਸਟਰ ਸਰਕਾਰ ਨੇ ਨਾਦੇੜ ਪੁਲਿਸ ਦੀ ਇਸ ਗੈਰ ਧਾਰਮਿਕ ਤੇ ਸਿੱਖ ਵਿਰੋਧੀ ਕਾਰਵਾਈ ਦੀ ਹੋਈ ਬਜਰ ਗੁਸਤਾਖੀ ਨੂੰ ਸੁਧਾਰਕੇ ਸਾਡੀਆ ਜਬਤ ਕੀਤੀਆ ਕਿਰਪਾਨਾ ਵਾਪਸ ਨਾ ਕੀਤੀਆ ਅਤੇ ਝੂਠੇ ਕੇਸ ਦਰਜ ਕੀਤੇ ਹੋਏ ਖਾਰਜ ਨਾ ਕੀਤੇ, ਤਾਂ ਸਿੱਖ ਕੌਮ ਵਿਚ ਉੱਠੇ ਰੋਹ ਦੇ ਨਤੀਜਿਆ ਤੋ ਮਹਾਰਾਸਟਰ ਸਰਕਾਰ ਅਤੇ ਨਾਦੇੜ ਪੁਲਿਸ ਸਿੱਧੇ ਤੌਰ ਤੇ ਜਿੰਮੇਵਾਰ ਹੋਵੇਗੀ।” ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਾਡੇ ਮਹਾਨ ਤਖਤ ਸ੍ਰੀ ਹਜੂਰ ਸਾਹਿਬ ਨਾਦੇੜ ਵਿਖੇ ਨਾਦੇੜ ਦੀ ਪੁਲਿਸ ਵੱਲੋ ਜਾਂ ਹੁਕਮਰਾਨਾਂ ਵੱਲੋ ਮੰਦਭਾਵਨਾ ਅਧੀਨ ਸਾਡੇ ਕਿਰਪਾਨ ਰੱਖਣ ਦੇ ਵਿਧਾਨਿਕ ਅਧਿਕਾਰ ਉਤੇ ਜਬਰੀ ਡਾਕਾ ਮਾਰਕੇ ਕਿਰਪਾਨਾ ਜਬਤ ਕਰਨ ਅਤੇ ਸਿੱਖਾਂ ਉਤੇ ਝੂਠੇ ਕੇਸ ਦਰਜ ਕਰਨ ਦੀ ਦੁੱਖਦਾਇਕ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸ ਨੂੰ ਤੁਰੰਤ ਸੁਧਾਰਕੇ ਸਿੱਖ ਮਨਾਂ ਵਿਚ ਉੱਠੇ ਰੋਹ ਨੂੰ ਸਹੀ ਸਮੇ ਤੇ ਸ਼ਾਂਤ ਕਰਨ ਦੀ ਮਹਾਰਾਸਟਰ ਸਰਕਾਰ ਨੂੰ ਸਲਾਹ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਕਦੀ ਵੀ ਕਿਸੇ ਵੀ ਧਰਮ, ਕੌਮ, ਫਿਰਕੇ, ਕਬੀਲੇ ਦੀਆਂ ਧਾਰਮਿਕ ਰਵਾਇਤਾ ਵਿਚ ਕਿਸੇ ਤਰ੍ਹਾਂ ਦੀ ਦਖਲਅੰਦਾਜੀ ਨਹੀ ਕਰਦੇ। ਬਲਕਿ ਸਭਨਾਂ ਦੀਆਂ ਮਰਿਯਾਦਾਵਾ ਤੇ ਧਰਮਾਂ ਦਾ ਸਤਿਕਾਰ ਕਰਦੀ ਹੈ। ਲੇਕਿਨ ਜੇਕਰ ਫਿਰ ਵੀ ਫਿਰਕੂ ਸੋਚ ਅਧੀਨ ਨਾਦੇੜ ਪੁਲਿਸ ਜਾਂ ਸਰਕਾਰ ਵੱਲੋ ਉਪਰੋਕਤ ਹੋਈ ਕਾਰਵਾਈ ਅਧੀਨ ਠੇਸ ਪਹੁੰਚਾਈ ਜਾ ਰਹੀ ਹੈ, ਤਦ ਇਹ ਹੁਕਮਰਾਨ ਜਾਣਬੁੱਝ ਕੇ ਅਮਨ ਚੈਨ ਤੇ ਜਮਹੂਰੀਅਤ ਦੀ ਸੋਚ ਨਾਲ ਛੇੜਛਾੜ ਕਰਕੇ ਖੁਦ ਹੀ ਮਾਹੌਲ ਨੂੰ ਵਿਸਫੋਟਕ ਬਣਾ ਰਹੇ ਹਨ। ਜਦੋ ਸਿੱਖ ਕੌਮ ਵੱਲੋ ਕਦੀ ਵੀ ਕੋਈ ਗੈਰ ਧਾਰਮਿਕ ਜਾਂ ਗੈਰ ਕਾਨੂੰਨੀ ਅਮਲ ਨਹੀ ਹੋਇਆ ਤਾਂ ਸਿੱਖਾਂ ਦੇ ਸਤਿਕਾਰਿਤ ਗੁਰੂ ਸਾਹਿਬ ਵੱਲੋ ਬਖਸਿਸ ਕੀਤੇ ਗਏ ਕਕਾਰਾ ਵਿਚ ਸਾਮਿਲ ਕਿਰਪਾਨ ਨਾਲ ਕੀਤੀ ਜਾ ਰਹੀ ਅਪਮਾਨਿਤ ਕਾਰਵਾਈ ਦੀ ਬਦੌਲਤ ਸਿੱਖਾਂ ਵਿਚ ਵੱਡੀ ਬੇਚੈਨੀ ਤੇ ਰੋਹ ਉੱਠ ਖੜ੍ਹਾ ਹੋਇਆ ਹੈ। ਇਸ ਲਈ ਬਿਹਤਰ ਹੋਵੇਗਾ ਕਿ ਨਾਦੇੜ ਪੁਲਿਸ ਅਤੇ ਮਹਾਰਾਸਟਰ ਸਰਕਾਰ ਆਪਣੇ ਤੋ ਹੋਈ ਬਜਰ ਗੁਸਤਾਖੀ ਨੂੰ ਮਹਿਸੂਸ ਕਰਕੇ ਸਿੱਖ ਮਨਾਂ ਨੂੰ ਸ਼ਾਂਤ ਕਰਨ ਦੇ ਅਮਲ ਕਰਨ ਵਰਨਾ ਸਥਿਤੀ ਹੱਥੋ ਨਿਕਲਣ ਤੋ ਇਨਕਾਰ ਨਹੀ ਕੀਤਾ ਜਾ ਸਕੇਗਾ। ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਇਸ ਅਤਿ ਸੰਜੀਦਾ ਸਿੱਖ ਕੌਮ ਦੇ ਮਸਲੇ ਨੂੰ ਮਹਾਰਾਸਟਰ ਸਰਕਾਰ ਅਤੇ ਨਾਦੇੜ ਪੁਲਿਸ ਸਹਿ ਅਤੇ ਸੂਝਵਾਨਤਾ ਨਾਲ ਆਪਣੀ ਗਲਤੀ ਦਾ ਅਹਿਸਾਸ ਕਰਦੇ ਹੋਏ ਹੱਲ ਕਰ ਦੇਵੇਗੀ।

## ਨੈਸ਼ਨਲ ਅਕਾਲੀ ਦਲ ਨੇ ਲੀਗਲ ਵਿੰਗ ਦਾ ਕੀਤਾ ਗਠਨ, ਸੀਨੀਅਰ ਵਕੀਲਾਂ ਨੂੰ ਮਿਲੀਆਂ ਜ਼ਿੰਮੇਵਾਰੀਆਂ



**ਨਵੀਂ ਦਿੱਲੀ, 2 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਨੈਸ਼ਨਲ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਪਾਰਟੀ ਦੀ ਲੀਗਲ ਵਿੰਗ ਦੇ ਗਠਨ ਦਾ ਐਲਾਨ ਕੀਤਾ। ਐਡਵੋਕੇਟ ਆਸ਼ੂ ਤੇਵਤੀਆ, ਐਡਵੋਕੇਟ ਸੁਜਾਤਾ ਸੰਧੂ, ਐਡਵੋਕੇਟ ਅਰਪਿਤ ਸ਼ਰਮਾ ਅਤੇ ਐਡਵੋਕੇਟ ਸੰਦੀਪ ਪਵਾਰ ਨੂੰ ਪਾਰਟੀ ਦਾ ਲੀਗਲ ਐਡਵਾਈਜ਼ਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਲੀਗਲ ਵਿੰਗ ਆਮ ਲੋਕਾਂ ਨੂੰ ਕਾਨੂੰਨੀ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਕਮਜ਼ੋਰ, ਲੋੜਵੰਦ ਅਤੇ ਪੀੜਤ ਵਰਗਾਂ ਨੂੰ ਸਮੇਂ ਸਿਰ ਕਾਨੂੰਨੀ ਮਦਦ ਮਿਲ ਸਕੇ, ਇਸ ਲਈ ਤਜਰਬੇਕਾਰ ਵਕੀਲਾਂ ਦੀ ਟੀਮ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨਾਲ ਛੇੜਛਾੜ, ਸਾਈਬਰ ਅਪਰਾਧ, ਆਨਲਾਈਨ ਧੋਖਾਧੜੀ, ਉਪਭੋਗਤਾ ਅਧਿਕਾਰਾਂ ਦੀ ਉਲੰਘਣਾ, ਜਾਇਦਾਦੀ ਵਿਵਾਦ ਅਤੇ ਮਜ਼ਦੂਰਾਂ ਦੇ ਸ਼ੋਸ਼ਣ ਵਰਗੇ ਮਾਮਲਿਆਂ ਵਿੱਚ ਲੋਕਾਂ ਨੂੰ ਅਕਸਰ ਕਾਨੂੰਨੀ ਪ੍ਰਕਿਰਿਆਵਾਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੀਗਲ ਵਿੰਗ ਅਜਿਹੇ ਲੋਕਾਂ ਨੂੰ ਕਾਨੂੰਨੀ ਸਲਾਹ ਅਤੇ ਲੋੜੀਂਦੀ ਮਦਦ ਮੁਹੱਈਆ ਕਰਵਾਏਗੀ। ਪੰਮਾ ਨੇ ਕਿਹਾ ਕਿ ਨੈਸ਼ਨਲ ਅਕਾਲੀ ਦਲ ਹਮੇਸ਼ਾ ਲੋਕ-ਹਿੱਤ ਦੇ ਮੁੱਦਿਆਂ ਨੂੰ ਉਠਾਉਂਦਾ ਰਿਹਾ ਹੈ ਅਤੇ ਹੁਣ ਲੀਗਲ ਵਿੰਗ ਰਾਹੀਂ ਕਾਨੂੰਨੀ ਸਮੱਸਿਆਵਾਂ ਦੇ ਹੱਲ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ। ਪਾਰਟੀ ਦਾ ਉਦੇਸ਼ ਹਰ ਵਰਗ ਤੱਕ ਨਿਆਂ ਅਤੇ ਕਾਨੂੰਨੀ ਜਾਗਰੂਕਤਾ ਪਹੁੰਚਾਉਣਾ ਹੈ। ਨਵ-ਨਿਯੁਕਤ ਲੀਗਲ ਐਡਵਾਈਜ਼ਰ ਐਡਵੋਕੇਟ ਆਸ਼ੂ ਤੇਵਤੀਆ ਨੇ ਕਿਹਾ ਕਿ ਉਹ ਪਾਰਟੀ ਦੀ ਵਿਚਾਰਧਾਰਾ ਅਤੇ ਲੋਕ ਸੇਵਾ ਦੇ ਸੰਕਲਪ ਨਾਲ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ ਅਤੇ ਲੋੜਵੰਦ ਲੋਕਾਂ ਨੂੰ ਕਾਨੂੰਨੀ ਮਦਦ ਦਿਵਾਉਣ ਲਈ ਹਰ ਸੰਭਵ ਯਤਨ ਕਰਨਗੇ।

### ਹੈਨਰੀ ਨੋਵਾਕ ਕਤਲ ਮਾਮਲੇ ਯੂਕੇ ਗ੍ਰਹਿ ਮੰਤਰੀ ਨੂੰ ਭੇਜੇ ਗਏ ਪੱਤਰ ਵਿੱਚ

# ਸੀਪੀਐਸ ਅਤੇ ਪੁਲਿਸ ਦੀਆਂ ਗੰਭੀਰ ਗਲਤੀਆਂ

ਨਵੀਂ ਦਿੱਲੀ, 2 ਜੂਨ (ਮਨਪ੍ਰੀਤ ਸਿੰਘ ਖਾਲਸਾ):- ਹੈਨਰੀ ਨੋਵਾਕ ਦੇ ਕਤਲ ਮਾਮਲੇ ਵਿੱਚ ਬ੍ਰਿਟੇਨ ਦੀ ਕ੍ਰਾਊਨ ਪਰੋਸਕਿਊਸ਼ਨ ਸਰਵਿਸ (ਸੀਪੀਐਸ) ਅਤੇ ਪੁਲਿਸ ਵੱਲੋਂ ਕੀਤੀਆਂ ਗੰਭੀਰ ਗਲਤੀਆਂ ਨੂੰ ਪੂਰੀ ਤਰ੍ਹਾਂ ਸਾਹਮਣੇ ਲਿਆਉਣ ਦੀ ਮੰਗ ਕੀਤੀ ਗਈ ਹੈ। ਸਿੱਖ ਫੈਡਰੇਸ਼ਨ ਦੇ ਆਗੂਆਂ ਨੇ ਕਿਹਾ ਹੈ ਕਿ ਸੀਪੀਐਸ ਨੇ ਮੁਕੱਦਮੇ ਦੌਰਾਨ ਇਹ ਸਪੱਸ਼ਟ ਕਰਨ ਵਿੱਚ ਨਾਕਾਮੀ ਦਿਖਾਈ ਕਿ ਦਿਗਵਾ ਵੱਲੋਂ ਵਰਤਿਆ ਗਿਆ ਕਤਲ ਦਾ ਹਥਿਆਰ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਪਵਿੱਤਰ ਕਿਰਪਾਨ ਨਹੀਂ ਸੀ। ਉਨ੍ਹਾਂ ਦੇ ਅਨੁਸਾਰ ਇਹ ਹਥਿਆਰ ਫ਼ਾਰਸੀ ਮੂਲ ਦਾ ਸੀ, ਜਿਸਦਾ ਨਾਮ ਅਤੇ ਮਕਸਦ ਕਿਰਪਾਨ ਨਾਲ ਬਿਲਕੁਲ ਵੱਖਰਾ ਹੈ। ਉਨ੍ਹਾਂ ਕਿਹਾ ਭਾਵੇਂ ਦਿਗਵਾ ਨੂੰ ਬੀਤੇ ਦਿਨ ਸਜ਼ਾ ਸੁਣਾ ਦਿੱਤੀ ਗਈ ਹੈ, ਪਰ ਸੀਪੀਐਸ ਵੱਲੋਂ ਕਥਿਤ ਤੌਰ 'ਤੇ ਕਤਲ ਵਿੱਚ ਵਰਤੇ ਗਏ ਹਥਿਆਰ ਦੀ ਤਸਵੀਰ ਜਨਤਕ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸਦੇ ਉਲਟ, ਹੈਮਪਸ਼ਾਇਰ ਪੁਲਿਸ ਨੇ ਅੱਜ ਪੁਸ਼ਟੀ ਕੀਤੀ ਹੈ ਕਿ ਵਰਤਿਆ ਗਿਆ ਹਥਿਆਰ ਸਿੱਖਾਂ ਦੀ ਪਵਿੱਤਰ ਕਿਰਪਾਨ ਨਹੀਂ ਸੀ। ਉਨ੍ਹਾਂ ਦਸਿਆ ਪਿਛਲੇ ਹਫ਼ਤੇ ਕੁਝ ਸਿਆਸਤਦਾਨਾਂ ਅਤੇ ਸੱਜੇ ਪੱਖ ਦੇ ਟਿੱਪਣੀਕਾਰਾਂ ਵੱਲੋਂ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ ਗ੍ਰਹਿ ਮੰਤਰੀ ਨੂੰ ਭੇਜੇ ਗਏ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਕਤਲ ਦਾ ਹਥਿਆਰ ਕਿਰਪਾਨ ਨਹੀਂ ਸੀ ਅਤੇ ਉਸ ਨਾਲ ਮਿਲਦੇ-ਜੁਲਦੇ ਅਸਲ ਹਥਿਆਰ ਦੀ ਤਸਵੀਰ ਵੀ ਸਾਂਝੀ ਕੀਤੀ ਗਈ ਸੀ। ਦੋਸ਼ੀ ਦੇ ਵਕੀਲ ਵੱਲੋਂ ਦੋਸ਼ ਸਾਬਤ ਹੋਣ ਤੋਂ ਬਾਅਦ ਹਥਿਆਰ ਦਾ ਅਸਲ ਨਾਮ ਵੀ ਪੁਸ਼ਟੀ ਕੀਤਾ ਗਿਆ ਸੀ। ਸਿੱਖ ਫੈਡਰੇਸ਼ਨ ਵਲੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਗਲਤ ਜਾਣਕਾਰੀ ਦੇ ਆਧਾਰ 'ਤੇ ਬਿਆਨ ਦੇਣ ਵਾਲੇ ਸਿਆਸਤਦਾਨਾਂ ਅਤੇ ਟਿੱਪਣੀਕਾਰਾਂ ਨੂੰ ਹੁਣ ਤੱਥਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਿੱਖ ਪਹਿਚਾਣ 'ਤੇ ਹਮਲੇ ਬੰਦ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਧਿਆਨ ਕਿਰਪਾਨ 'ਤੇ ਵਿਵਾਦ ਖੜ੍ਹਾ ਕਰਨ ਦੀ ਬਜਾਏ ਸੀਪੀਐਸ ਅਤੇ ਪੁਲਿਸ ਦੀਆਂ ਉਨ੍ਹਾਂ ਨਾਕਾਮੀਆਂ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ, ਜਿਨ੍ਹਾਂ ਕਾਰਨ ਪਿਛਲੇ ਕੁਝ ਹਫ਼ਤਿਆਂ ਵਿੱਚ ਸਿੱਖਾਂ ਵਿਰੁੱਧ ਮੌਖਿਕ ਅਤੇ ਸਰੀਰਕ ਹਮਲਿਆਂ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਨੇ ਯਾਦ ਦਿਵਾਇਆ ਕਿ ਬ੍ਰਿਟੇਨ ਨੇ ਪਿਛਲੇ 150 ਸਾਲਾਂ ਤੋਂ ਅਮਲਧਾਰੀ ਸਿੱਖਾਂ ਦੀ ਪਹਿਚਾਣ ਦਾ ਸਨਮਾਨ ਕੀਤਾ ਹੈ। ਇਸੇ ਪਹਿਚਾਣ ਦੇ ਨਾਲ 1 ਲੱਖ ਤੋਂ ਵੱਧ ਦਿੱਖ ਵਾਲੇ ਸਿੱਖ ਸੈਨਿਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਉਹ ਆਜ਼ਾਦੀਆਂ ਸੁਰੱਖਿਅਤ ਕੀਤੀਆਂ ਜਿਨ੍ਹਾਂ ਦਾ ਅੱਜ ਹਰ ਨਾਗਰਿਕ ਆਨੰਦ ਮਾਣ ਰਿਹਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

**ਪੁਲਿਸ ਦੀ ਨਾਕਾਮੀ ਦਿਗਵਾ ਵੱਲੋਂ ਵਰਤਿਆ ਗਿਆ ਕਤਲ ਦਾ ਹਥਿਆਰ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਪਵਿੱਤਰ ਕਿਰਪਾਨ ਨਹੀਂ**

### ਨਗਰ ਕੌਂਸਲ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਹੋਈ ਇਤਿਹਾਸਿਕ ਜਿੱਤ-ਰਾਜ ਭਨੋਟ

**ਜੰਡਿਆਲਾ ਗੁਰੂ,2 ਜੂਨ (ਕੁਲਵੰਤ ਸਿੰਘ ਵਿਰਦੀ)**-ਆਮ ਆਦਮੀ ਦੀ ਪਾਰਟੀ ਦੀ ਸਰਕਾਰ ਆਈ ਨੂੰ ਚਾਰ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਅਤੇ ਇੰਨੇ ਥੋੜੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੇ ਵਿਕਾਸ ਦੀ ਹਨੇਰੀ ਲਿਆਂਦੀ ਪਈ ਹੈ।, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆ ਰਾਜ ਭਨੋਟ ਆਸਟਰੇਲੀਆ ਨੇ ਪਹਿਰੇਦਾਰ ਦੇ ਪੱਤਰਕਾਰ ਨਾਲ ਫੋਨ ਤੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਜੰਡਿਆਲਾ ਗੁਰੂ ਵਿਖੇ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਇਤਿਹਾਸਿਕ ਜਿੱਤ ਹੋਈ ਹੈ। ਅਤੇ 15 ਵਾਰਡਾਂ ਵਿੱਚੋਂ 13 ਵਾਰਡਾਂ ਤੇ ਆਮ ਆਦਮੀ ਪਾਰਟੀ ਨੇ ਆਪਣੀ ਮੋਹਰ ਲਾਈ ਹੈ।, ਉਹਨਾਂ ਕਿਹਾ ਕਿ ਲੋਕ ਬਹੁਤ ਜਾਗਰੂਕ ਹੋ ਚੁੱਕੇ ਹਨ ਅਤੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਵਿਕਾਸ ਅਤੇ ਕੀਤੇ ਕੰਮਾਂ ਤੋ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਤਾਇਆ ਹੈ।, ਅਤੇ ਇਹ ਆਮ ਆਦਮੀ ਪਾਰਟੀ ਦੀ ਇਤਿਹਾਸਿਕ ਜਿੱਤ ਹੈ ਉਹਨਾਂ ਕਿਹਾ ਕਿ ਜੇਕਰ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਪਿੰਡਾਂ ਦੇ ਵਿਕਾਸ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ, ਕੋਈ ਕਸਰ ਨਹੀਂ ਛੱਡੀ, ਅਤੇ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਵੀ ਰਹਿੰਦੇ ਹਨ।, ਅੱਗੇ ਉਹਨਾਂ ਦੱਸਿਆ ਕਿ ਈਟੀਓ ਦਾ ਪੂਰਾ ਪਰਿਵਾਰ ਉਹਨਾਂ ਦੀ ਧਰਮ ਪਤਨੀ ਮੈਡਮ ਸੁਹਿੰਦਰ ਕੌਰ ਵੀ ਹਰ ਵੇਲੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ।, ਉਹਨਾਂ ਕਿਹਾ ਕਿ ਸਾਢੇ ਚਾਰ ਸਾਲ ਵਿੱਚ ਆਮ ਆਦਮੀ ਪਾਰਟੀ ਨੇ ਪਿੰਡਾਂ ਤੇ ਸ਼ਹਿਰਾਂ ਦੀ ਨੁਹਾਰ ਹੀ ਬਦਲ ਦਿੱਤੀ ਹੈ ਉਹਨਾਂ ਕਿਹਾ ਕਿ ਜਿਹੜੀਆਂ ਸਰਕਾਰਾਂ ਪਿਛਲੇ 70 ਸਾਲਾਂ ਵਿੱਚ ਕੰਮ ਨਹੀਂ ਕਰਾ ਸਕੀਆਂ ਉਹ ਆਮ ਆਦਮੀ ਪਾਰਟੀ ਨੇ ਆਉਂਦਿਆਂ ਹੀ ਥੋੜੇ ਸਮੇਂ ਵਿੱਚ ਹੀ ਕੰਮ ਕਰਾ ਦਿੱਤੇ ਹਨ।, ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਸੀ ਉਹ ਵਾਅਦੇ ਹੌਲੀ ਹੌਲੀ ਪੂਰੇ ਕਰ ਰਹੀ ਹੈ।, ਉਹਨਾਂ ਕਿਹਾ ਕਿ ਨਗਰ ਕੌਂਸਲ ਦੀਆਂ ਚੌਣਾ ਵਿੱਚ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਦੀ ਜਿੱਤ ਦਰਸਾਉਂਦੀ ਹੈ ਕਿ 2027 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਣੇਗੀ ਗੱਲਬਾਤ ਕਰਦਿਆਂ ਉਨਾਂ ਨੇ ਸਾਰੇ ਸ਼ਹਿਰ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਵੱਡੇ ਪੱਧਰ ਤੇ ਵੋਟਾਂ ਪਾ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਜਿੱਤ ਹਾਸਿਲ ਕਰਵਾਈ ਅਤੇ ਨਾਲ ਹੀ ਉਹਨਾਂ ਨੇ 13 ਵਾਰਡਾਂ ਵਿੱਚੋਂ ਜੇਤੂ ਰਹੇ ਉਮੀਦਵਾਰਾਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਜੰਡਿਆਲਾ ਹਲਕੇ ਦੀ ਆਮ ਆਦਮੀ ਪਾਰਟੀ ਦੀ ਪੂਰੀ ਲੀਡਰਸ਼ਿਪ ਨੂੰ ਵਧਾਈਆਂ ਦਿੱਤੀਆਂ। ਅਤੇ ਵੋਟਰਾਂ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਜਥੇਬੰਦੀਆਂ ਨੇ ਅਖੌਤੀ ਨਾਮਧਾਰੀ ਆਗੂ ਵਿਰੁੱਧ ਆਪਣੇ ਬਿਆਨ ਦਰਜ ਕਰਾਏ

# ਠਾਕਰ ਦਲੀਪ ਸਿੰਘ ਤੇ ਤੁਰੰਤ ਕੇਸ ਦਰਜ ਕੀਤਾ ਜਾਵੇ : ਆਗੂ



**ਫ਼ਿਰੋਜ਼ਪੁਰ, 02 ਜੂਨ (ਮਨੋਹਰ ਲਾਲ)** :— ਅਵੌਂਤੀ ਨਾਮਧਾਰੀ ਆਗੂ ਠਾਕਰ ਦਲੀਪ ਸਿੰਘ ਵੱਲੋਂ ਮਾਰਚ ਮਹੀਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਦਿੱਤੇ ਵਿਵਾਦਤ ਬਿਆਨ ਜਿਸ ਨੇ ਸਿੱਖ ਕੌਮ ਦੇ ਨਾਲ—ਨਾਲ ਗੈਰ ਸਿੱਖ ਸੰਗਤਾਂ ਦੇ ਹਿਰਦੇ ਵਲੂੰਘਰ ਦਿੱਤੇ ਸਨ, ਜਿਸ ਵਿਚ ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾ ਮੰਨ ਕੇ ਆਪਣੇ ਆਪ ਨੂੰ ਦੇਹਧਾਰੀ ਗੁਰੂ ਸਾਬਤ ਕਰਨ ਦਾ ਯਤਨ ਕੀਤਾ ਸੀ ਅਤੇ ਇਸ ਬਿਆਨ ਤੋਂ ਫ਼ਿਰੋਜ਼ਪੁਰ ਦੀਆਂ ਸਮੁੱਚੀਆਂ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਇੰਟਰਨੈਸ਼ਨਲ ਪੰਥਕ ਦਲ, ਏਕਨੂਰ ਖਾਲਸਾ ਫੌਜ਼, ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਅਤੇ ਕਲਗੀਧਰ ਅੰਮ੍ਰਿਤ ਸੰਚਾਰ ਜਥਾ ਆਦਿ ਨੇ ਇਸ ਬਿਆਨ ਵਿਰੁੱਧ ਸਖਤ ਸਟੈਂਡ ਲੈਂਦਿਆਂ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ ਪੰਜਾਬ ਅਤੇ ਗ੍ਰਹਿ ਮੰਤਰਾਲੇ ਨੂੰ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਰਾਹੀਂ ਰੋਸ ਜ਼ਾਹਿਰ ਕਰਦਿਆਂ ਮੰਗ ਪੱਤਰ ਦੇ ਕੇ ਇਸ ਅਖੌਤੀ ਆਗੂ ਵਿਰੁੱਧ ਕਾਰਵਾਈ ਕਰਾਉਣ ਲਈ ਅਪੀਲ ਕੀਤੀ ਗਈ ਸੀ, ਜਿਸ ਤੇ ਅੱਜ ਪੁਲਿਸ ਪ੍ਰਸ਼ਾਸਨ ਨੇ ਵੱਖ—ਵੱਖ ਸਿੱਖ ਜਥੇਬੰਦੀਆਂ ਦੇ ਬਿਆਨ ਦਰਜ ਕੀਤੇ ਗਏ। ਬਿਆਨ ਦਰਜ ਕਰਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਜ਼ਸਪਾਲ ਸਿੰਘ, ਲਖਵੀਰ ਸਿੰਘ ਮਹਾਲਮ, ਬਾਬਾ ਸਤਨਾਮ ਸਿੰਘ ਵੱਲੀਆ, ਹਿੰਮਤ ਸਿੰਘ ਸ਼ਕੂਰ, ਭਾਈ ਅਵਤਾਰ ਸਿੰਘ ਫੌਜੀ, ਭਾਈ ਬਲਕਾਰ ਸਿੰਘ ਆਦਿ ਨੇ ਦੱਸਿਆ ਕਿ ਸਾਰੇ ਸੰਸਾਰ ਵਿਚ ਇਹ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਮੁੱਚੀ ਮਾਨਵਤਾ ਨੂੰ ਅੱਜ ਤੋਂ ਬਾਅਦ ਕਿਸੇ ਦੇਹਧਾਰੀ ਗੁਰੂ ਦੀ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਦਾ ਆਦੇਸ਼ ਦਿੱਤਾ ਸੀ, ਜਿਸ ਨੂੰ ਸਮੁੱਚੀ ਮਾਨਖਤਾ ਮੰਨ ਰਹੀ ਹੈ, ਪਰ ਬੜੇ ਦੁੱਖ ਦੀ ਗੱਲ ਹੈ ਕਿ ਠਾਕਰ ਦਲੀਪ ਸਿੰਘ ਨੇ ਜ਼ੋ ਵਿਦੇਸ਼ ਤੋਂ ਬਿਆਨ ਜਾਰੀ ਕੀਤਾ ਹੈ, ਉਸ ਨੂੰ ਕਿਸ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਆਗੂਆਂ ਨੇ ਇਹ ਵੀ ਕਿਹਾ ਕਿ ਜੇ ਇਸ ਬੇਅਦਬੀ ਭਰੇ ਬਿਆਨ ਦਾ ਠਾਕਰ ਦਲੀਪ ਸਿੰਘ ਵਿਰੁੱਧ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸਮੁੱਚੀ ਕੌਮ ਇਕ ਵੱਡਾ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਵੇਗੀ। ਇਸ ਸਮੇਂ ਉਕਤ ਆਗੂਆਂ ਦੇ ਨਾਲ ਡਾ: ਗੁਰਮੀਤ ਸਿੰਘ, ਕੁਲਦੀਪ ਸਿੰਘ ਨੰਢਾ, ਟਹਿਲ ਸਿੰਘ, ਸੰਤੋਖ ਸਿੰਘ, ਕੁਲਦੀਪ ਸਿੰਘ ਲੋਕੋ, ਕਿਰਨਦੀਪ ਸਿੰਘ ਪੱਲ੍ਹਾ, ਜ਼ਸਵੀਰ ਸਿੰਘ ਜੱਸ, ਗੁਰਨਾਮ ਸਿੰਘ, ਸੁਖਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਵੱਲੋਂ ਨਵੀਆਂ ਨਿਯੁਕਤੀਆਂ









**ਚੰਡੀਗੜ੍ਹ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ਾਂ ਅਨੁਸਾਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠ ਲਿਖੇ ਅਹੁਦੇਦਾਰ ਸਾਹਿਬਾਨ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਜਿੰਨਾਂ ਵਿੱਚ ਵਰਕਿੰਗ ਕਮੇਟੀ ਮੈਂਬਰ, ਮੀਤ ਪ੍ਰਧਾਨ, ਜਨਰਲ ਸਕੱਤਰ, ਜਥੇਬੰਦਕ ਸਕੱਤਰ ਅਤੇ ਪ੍ਰਚਾਰ ਸਕੱਤਰ ਸ਼ਾਮਲ ਕੀਤੇ ਹਨ। ਜਿੰਨਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ–:

**ਵਰਕਿੰਗ ਕਮੇਟੀ** : ਸ. ਹਰਜੀਤ ਸਿੰਘ ਪੁਰੇਵਾਲ, **ਮੀਤ ਪ੍ਰਧਾਨ** : ਸ. ਤਰਸੇਮ ਸਿੰਘ ਪੁਰੇਵਾਲ ਸ. ਜਗਜੀਤ ਸਿੰਘ ਸਾਂਘਨਾ ਸ. ਜਥੇਦਾਰ ਊਧਮ ਸਿੰਘ ਸ. ਗੁਰਜੰਟ ਸਿੰਘ ਸਿਰਸੜੀ ਸ. ਬੂਟਾ ਸਿੰਘ ਰੋਮਾਣਾ ਸ. ਕਰਨੈਲ ਸਿੰਘ ਜੋਧਪੁਰੀ

**ਜਨਰਲ ਸਕੱਤਰ** : ਸ. ਸ਼ਸ਼ਪਾਲ ਸਿੰਘ ਪੰਨੂ ਸ. ਸੁਖਵੀਰ ਸਿੰਘ ਸਮਰਾ, **ਪ੍ਰਚਾਰ ਸਕੱਤਰ** : ਰਾਜੇਸ਼ ਸਿੰਗਲਾ ਬੱਸੀ ਸ. ਇੰਦਰਜੀਤ ਸਿੰਘ ਖੰਨਾਸ. ਗੁਰਜੀਤ ਸਿੰਘ ਬੂੜੇਚੱਕ ਪਾਲਾ ਰਾਮ ਢਾਬੀ, **ਜਥੇਬੰਦਕ ਸਕੱਤਰ** : ਸ. ਜਗਦੇਵ ਸਿੰਘ ਪ੍ਰੈਸ ਦੇ ਨਾਂ ਇਹ ਬਿਆਨ ਮੀਡੀਆ ਇੰਚਾਰਜ ਸ ਤੇਜਿੰਦਰ ਸਿੰਘ ਪੰਨੂੰ ਵੱਲੋਂ ਜਾਰੀ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਕਿਸਾਨਾਂ ਨੂੰ ਸਮਰਥਨ ਮੁੱਲ ਨਾਲ ਫਸਲੀ ਵਿਭਿੰਨਤਾ ਅਤੇ ਮਜਦੂਰਾਂ ਲਈ

# ਮਨਰੇਗਾ ਤਹਿਤ ਸਾਲ ਭਰ ਕੰਮ ਦੀ ਮੰਗ - ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ


**☛ ਜੂਨ 84 ਦੇ ਘੱਲੂਘਾਰੇ ਦੀ ਨਿਰਪੱਖ ਜਾਂਚ ਅਤੇ ਜਿੰਮੇਵਾਰ ਹਾਕਮਾਂ ਨੂੰ ਬਣਦੀਆਂ ਸਜਾਵਾਂ ਦਿੱਤੀਆਂ ਜਾਣ ☛ ਨਿਰਦੋਸ਼ ਸਿੱਖਾਂ ਦੀ ਕਾਤਲ ਇੰਦਰਾ ਗਾਂਧੀ ਤੋਂ ਭਾਰਤ ਰਤਨ ਵਾਪਸ ਲਿਆ ਜਾਵੇ। ☛ ਬਾਕੀ ਗਿਆਰਾਂ ਜਿਲ੍ਹਿਆਂ ਵਿੱਚ ਵੀ ਡਿਪਟੀ ਕਮਿਸ਼ਨਰਾਂ ਨੂੰ ਗਵਰਨਰ ਪੰਜਾਬ ਦੇ ਨਾਮ ਸੌਂਪੇ ਮੰਗ ਪੱਤਰ।**












**ਚੰਡੀਗੜ੍ਹ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਵੱਲੋਂ ਲੋਕ ਸੰਘਰਸ਼ ਦਾ ਆਗਾਜ ਕਰਦਿਆਂ ਜੋ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਣ ਦਾ ਪ੍ਰੋਗਰਾਮ ਉਲੀਕਿਆ ਸੀ, ਉਸ ਦੇ ਤਹਿਤ ਅੱਜ ਬਾਕੀ ਰਹਿੰਦੇ ਗਿਆਰਾਂ ਜਿਲਿਆਂ ਵਿੱਚ ਵੀ ਮੰਗ ਪੱਤਰ ਸੌਂਪੇ ਗਏ। ਇਸ ਵਿੱਚ ਉਹ ਮੁੱਦੇ ਉਠਾਏ ਗਏ ਹਨ ਜਿਨ੍ਹਾਂ ਨੇ ਦਹਾਕਿਆਂ ਤੋਂ ਪੰਜਾਬ ਦੀ ਮਾਨਸਿਕਤਾ ਨੂੰ ਜਖਮੀ, ਆਰਥਿਕਤਾ ਨੂੰ ਕਮਜ਼ੋਰ ਕਰਕੇ ਪੰਥ ਅਤੇ ਪੰਜਾਬ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦਾ ਵਿਸ਼ਵਾਸ ਤੋੜਿਆ ਹੈ। ਦਸ ਮੰਗਾਂ ਦੇ ਇਸ ਚਾਰਟਰ ਵਿੱਚ ਸ਼ਾਮਿਲ ਹਨ; ਜਲਦਬਾਜ਼ੀ ਵਿੱਚ ਪਾਸ ਕੀਤੇ ਖ਼ਾਮੀਆਂ ਭਰੇ ਬੇਅਦਬੀ ਕਾਨੂੰਨ ਵਿੱਚ ਸੋਧਾਂ ਕਰਾਉਣਾ, 14 ਸਾਲਾਂ ਤੋਂ ਨਾ ਹੋਈਆਂ SGPC ਚੋਣਾਂ ਤੁਰੰਤ ਕਰਵਾਉਣਾ, ਕਿਸਾਨਾਂ ਲਈ ਸਾਰੀਆਂ ਫਸਲਾਂ ਤੇ ਸਮਰਥਨ ਮੁੱਲ, ਮਜਦੂਰਾਂ ਲਈ ਮਨਰੇਗਾ ਤਹਿਤ ਸਾਲ ਭਰ ਕੰਮ ਦੇ ਕੇ ਉਹਨਾਂ ਦੀ ਆਰਥਿਕ ਹਾਲਤ ਸੁਧਾਰਨਾ, ਸੱਠ ਸਾਲਾਂ ਤੋਂ ਬਿਨਾਂ ਮੁਆਵਜ਼ੇ ਤੋਂ ਗੁਆਂਢੀ ਸੂਬਿਆਂ ਨੂੰ ਦਿੱਤੇ ਜਾ ਰਹੇ ਦਰਿਆਈ ਪਾਣੀਆਂ ਦਾ ਮਸਲਾ, ਸਜ਼ਾ ਕੱਟ ਚੁਕੇ ਬੰਦੀ ਸਿੰਘਾਂ ਨੂੰ ਰਿਹਾ ਕਰਵਾਉਣਾ, ਜੂਨ 1984 ਦੇ ਘੱਲੂਘਾਰੇ ਦੀ ਜਾਂਚ ਅਤੇ ਜਿੰਮੇਵਾਰ ਹਾਕਮਾਂ ਨੂੰ ਸਜਾ ਦੁਆਉਣ ਦੇ ਨਾਲ-ਨਾਲ ਇੰਦਰਾ ਗਾਂਧੀ ਤੋਂ ਭਾਰਤ ਰਤਨ ਵਾਪਸ ਕਰਵਾਉਣ ਅਤੇ ਬੰਦ ਪਏ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਨੂੰ ਖੋਲ੍ਹਣ ਬਾਰੇ ਵਿਸਥਾਰਤ ਜ਼ਿਕਰ ਕੀਤਾ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਦੇ ਅੱਜ ਦੇ ਪ੍ਰੋਗਰਾਮ ਤਹਿਤ ਲੁਧਿਆਣਾ ਜਿਲੇ ਵਿੱਚ ਮੰਗ ਪੱਤਰ ਦੇਣ ਲਈ ਸੀਨੀਅਰ ਆਗੂਆਂ ਵਿੱਚ ਸ ਸੰਤਾ ਸਿੰਘ ਉਮੈਦਪੁਰੀ, ਸ ਭਰਪੂਰ ਸਿੰਘ ਧਾਂਦਰਾ, ਸ ਜਸਵੰਤ ਸਿੰਘ ਪੁੜੈਣ ਦੇ ਨਾਲ ਕਈ ਜਿਲ੍ਹਾ ਪੱਧਰੀ ਆਗੂ ਅਤੇ ਵਰਕਰ ਸ਼ਾਮਲ ਹੋਏ। ਜਲੰਧਰ ਵਿੱਚ ਮੰਗ ਪੱਤਰ ਦੇਣ ਲਈ ਸ ਗੁਰਪ੍ਰਤਾਪ ਸਿੰਘ ਵਡਾਲਾ, ਸਰਵਨ ਸਿੰਘ ਫਿਲੌਰ, ਬੀਬੀ ਹਰਜੀਤ ਕੌਰ ਤਲਵੰਡੀ ਅਤੇ ਸ ਜਗਜੀਤ ਸਿੰਘ ਗਾਬਾ ਦੇ ਨਾਲ ਜਿਲ੍ਹੇ ਦੀ ਸਾਰੀ ਲੀਡਰਸ਼ਿਪ ਹਾਜਰ ਸੀ। ਅੰਮ੍ਰਿਤਸਰ ਤੋਂ ਮੰਗ ਪੱਤਰ ਦੇਣ ਵਾਲਿਆਂ ਵਿੱਚ ਸੀਨੀਅਰ ਆਗੂ ਸ ਅਜੇਪਾਲ ਸਿੰਘ ਮੀਰਾਂਕੋਟ, ਜਿਲ੍ਹਾ ਪ੍ਰਧਾਨ ਦਲਜਿੰਦਰਬੀਰ ਸਿੰਘ ਵਿਰਕ ਅਤੇ ਮਨਿੰਦਰ ਸਿੰਘ ਧੁੰਨਾ ਸਮੇਤ ਭਾਰੀ ਗਿਣਤੀ ਵਿੱਚ ਆਗੂ ਅਤੇ ਵਰਕਰ ਸ਼ਾਮਲ ਹੋਏ। ਜਿਲ੍ਹਾ ਪਠਾਨਕੋਟ ਵਿੱਚ ਸ ਸੁੱਚਾ ਸਿੰਘ ਛੋਟੇਪੁਰ ਦੇ ਨਾਲ ਜਿਲ੍ਹਾ ਪ੍ਰਧਾਨ ਸ ਹਰੀ ਸਿੰਘ ਪੁਰੇਵਾਲ, ਸ ਮਨਜੀਤ ਸਿੰਘ ਰਾਣੀਪੁਰ ਸਮੇਤ ਸਾਰੇ ਜਿਲ੍ਹੇ ਦੇ ਆਗੂ ਅਤੇ ਭਾਰੀ ਗਿਣਤੀ ਵਿੱਚ ਹਾਜਰ ਵਰਕਰਾਂ ਵੱਲੋਂ ਇਹ ਮੰਗ ਪੱਤਰ ਡੀ ਸੀ ਪਠਾਨਕੋਟ ਨੂੰ ਸੌਂਪਿਆ ਗਿਆ। ਜਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਮੰਗ ਪੱਤਰ ਸੌਂਪਣ ਵਾਲੇ ਜਥੇ ਦੀ ਅਗਵਾਈ ਜਿਲਾ ਪ੍ਰਧਾਨ ਸ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਕੀਤੀ ਜਿੰਨਾ ਦੇ ਨਾਲ ਸੀਨੀਅਰ ਆਗੂ ਜਸਟਿਸ ਨਿਰਮਲ ਸਿੰਘ, ਸ ਰਣਬੀਰ ਸਿੰਘ ਪੂਨੀਆਂ, ਸ ਗੁਰਜੀਤ ਸਿੰਘ ਤਲਵੰਡੀ ਸਮੇਤ ਸਾਰੇ ਜਿਲੇ ਦੇ ਆਗੂ ਅਤੇ ਸਰਕਲ ਪ੍ਰਧਾਨ ਹਾਜਰ ਸਨ। ਰੋਪੜ ਵਿੱਚ ਜਥੇ ਦੀ ਅਗਵਾਈ ਜਿਲਾ ਪ੍ਰਧਾਨ ਗੁਰਮੀਤ ਮਕੜੌਨਾ ਨੇ ਕੀਤੀ ਜਿੰਨਾ ਦੇ ਨਾਲ ਸ ਸੁਖਵਿੰਦਰ ਸਿੰਘ ਮੁੰਡੀਆ, ਸ ਹਰਬੰਸ ਸਿੰਘ ਕੰਧੋਲਾ, ਸ ਹਰਜਿੰਦਰ ਸਿੰਘ ਜਿੰਦੀ ਸਮੇਤ ਸਾਰੀ ਜਿਲ੍ਹਾ ਜਥੇਬੰਦੀ ਸ਼ਾਮਿਲ ਹੋਈ। ਹੁਸ਼ਿਆਰਪੁਰ ਵਿੱਚ ਜਿਲ੍ਹਾ ਪ੍ਰਧਾਨ ਸ ਮਨਜੀਤ ਸਿੰਘ ਦਸੂਹਾ ਦੀ ਅਗਵਾਈ ਹੇਠ ਸਮੂਹ ਜਿਲ੍ਹਾ ਜਥੇਬੰਦੀ ਦੇ ਆਗੂਆਂ ਅਤੇ ਵਰਕਰਾਂ ਨੇ ਇਹ ਮੰਗ ਪੱਤਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਦਿੱਤਾ ਗਿਆ। ਤਰਨਤਾਰਨ ਜਿਲ੍ਹੇ ਵਿੱਚ ਜਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਠਰੂ ਦੀ ਅਗਵਾਈ ਹੇਠ ਦਿੱਤੇ ਗਏ ਮੰਗ ਪੱਤਰ ਦੌਰਾਨ ਸੀਨੀਅਰ ਆਗੂ ਭਾਈ ਮਨਜੀਤ ਸਿੰਘ, ਸ ਹੀਰਾ ਸਿੰਘ, ਸ ਨਰਿੰਦਰ ਸਿੰਘ ਆਦਿ ਮੌਜੂਦ ਸਨ। ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਆਗੂਆਂ ਦਾ ਕਹਿਣਾ ਸੀ ਕਿ ਪੰਜਾਬ ਉਮੀਦ ਕਰਦਾ ਹੈ ਕਿ ਗਵਰਨਰ ਸਾਹਿਬ ਇਹ ਚਾਰਟਰ ਦੀਆਂ ਮੰਗਾਂ ਆਪਣੇ ਤੌਰ ਤੇ ਹੱਲ ਕਰਨ ਤੋਂ ਅੱਗੇ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਅਤੇ ਗ੍ਰਹਿ ਮੰਤਰਾਲੇ ਤੱਕ ਹਮਦਰਦੀ ਨਾਲ ਪਹੁੰਚਾ ਕੇ ਹੱਲ ਕਰਵਾਉਣਗੇ। ਅੱਜ ਜਿੰਨਾਂ ਜਿਲ੍ਹਿਆਂ ਵਿੱਚ ਅੱਜ ਮੰਗ ਪੱਤਰ ਦਿੱਤੇ ਗਏ ਉਹਨਾਂ ਵਿੱਚ ਫਤਿਹਗੜ੍ਹ ਸਾਹਿਬ, ਲੁਧਿਆਣਾ, ਰੋਪੜ, ਨਵਾਂਸ਼ਹਿਰ, ਜਲੰਧਰ, ਹੁਸ਼ਿਆਰਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ ਅਤੇ ਮੋਗਾ ਜਿਲ੍ਹੇ ਸ਼ਾਮਿਲ ਹਨ। ਮੰਗ ਪੱਤਰ ਵਿੱਚ ਇਹ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਹਨਾਂ ਮੰਗਾਂ ਉਤੇ ਹਮਦਰਦੀ ਨਾਲ ਵਿਚਾਰ ਕਰਕੇ ਪੰਥ ਪੰਜਾਬ ਦੀ ਜਖਮੀ ਮਾਨਸਿਕਤਾ 'ਤੇ ਮੱਲ੍ਹਮ ਨਹੀਂ ਲਾਈ ਜਾਂਦੀ ਤਾਂ ਇਹਨਾਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਸੰਗਤਾਂ ਦੇ ਸਹਿਯੋਗ ਨਾਲ ਜੋਰਦਾਰ ਸੰਘਰਸ਼ ਵਿੱਢਿਆ ਜਾਵੇਗਾ। ਤਾਂ ਜੋ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਨੂੰ ਹੱਲ ਕਰਾਇਆ ਜਾ ਸਕੇ। ਇਹ ਬਿਆਨ ਮੀਡੀਆ ਇੰਚਾਰਜ ਸ ਤੇਜਿੰਦਰ ਸਿੰਘ ਪੰਨੂੰ ਦੁਆਰਾ ਪ੍ਰੈੱਸ ਦੇ ਨਾਮ ਜਾਰੀ ਕੀਤਾ ਗਿਆ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਬੱਬਰ ਖਾਲਸਾ ਇੰਟਰਨੈਸ਼ਨਲ ਵੱਲੋਂ ਖਾਲਿਸਤਾਨੀ ਅੰਦੋਲਨ ਬਾਰੇ ਵਿਸਥਾਰਪੂਰਵਕ ਬਿਆਨ ਜਾਰੀ

# ਸਿੱਖ ਨੌਜਵਾਨਾਂ ਨੂੰ ਸੰਘਰਸ਼ ਨਾਲ ਜੁੜਨ ਦੀ ਅਪੀਲ

## 1984 ਦੀਆਂ ਘਟਨਾਵਾਂ, ਸਿੱਖ ਕੌਮ ਦੀਆਂ ਚੁਣੌਤੀਆਂ ਅਤੇ ਖਾਲਿਸਤਾਨ ਦੀ ਮੰਗ ਸਬੰਧੀ ਸੰਗਠਨ ਨੇ ਆਪਣਾ ਪੱਖ ਰੱਖਿਆ

**ਅੰਮ੍ਰਿਤਸਰ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਬੱਬਰ ਖਾਲਸਾ ਇੰਟਰਨੈਸ਼ਨਲ ਵੱਲੋਂ ਜਾਰੀ ਇੱਕ ਵਿਸਥਾਰਪੂਰਵਕ ਪ੍ਰੈਸ ਨੋਟ ਵਿੱਚ ਸੰਗਠਨ ਨੇ ਖਾਲਿਸਤਾਨੀ ਅੰਦੋਲਨ, ਸਿੱਖ ਕੌਮ ਦੇ ਮੌਜੂਦਾ ਹਾਲਾਤ ਅਤੇ ਭਵਿੱਖੀ ਰਣਨੀਤੀ ਬਾਰੇ ਆਪਣਾ ਪੱਖ ਪੇਸ਼ ਕੀਤਾ ਹੈ। ਬਿਆਨ ਵਿੱਚ ਜੂਨ 1984 ਦੀਆਂ ਘਟਨਾਵਾਂ ਨੂੰ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਅਤੇ ਦਰਦਨਾਕ ਮੋੜ ਦੱਸਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਘਟਨਾਵਾਂ ਨੇ ਸਿੱਖ ਭਾਈਚਾਰੇ ਦੀ ਸੋਚ ਅਤੇ ਰਾਜਨੀਤਿਕ ਦਿਸ਼ਾ 'ਤੇ ਡੂੰਘਾ ਪ੍ਰਭਾਵ ਪਾਇਆ।

ਪ੍ਰੈਸ ਨੋਟ ਅਨੁਸਾਰ, ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ਵਿੱਚ ਹੋਈਆਂ ਘਟਨਾਵਾਂ ਤੋਂ ਬਾਅਦ ਸਿੱਖ ਕੌਮ ਦੇ ਇੱਕ ਵੱਡੇ ਵਰਗ ਵਿੱਚ ਅਸੰਤੁਸ਼ਟੀ ਅਤੇ ਬੇਚੈਨੀ ਪੈਦਾ ਹੋਈ। ਸੰਗਠਨ ਦਾ ਕਹਿਣਾ ਹੈ ਕਿ ਇਸ ਦੌਰ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਆਪਣੀ ਪਛਾਣ, ਧਾਰਮਿਕ ਅਧਿਕਾਰਾਂ ਅਤੇ ਕੌਮੀ ਭਵਿੱਖ ਬਾਰੇ ਨਵੇਂ ਸਿਰੇ ਨਾਲ ਸੋਚਣ ਲਈ ਮਜਬੂਰ ਕੀਤਾ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਚਾਰ ਦਹਾਕਿਆਂ ਦੌਰਾਨ ਖਾਲਿਸਤਾਨੀ ਅੰਦੋਲਨ ਨੂੰ ਵੱਖ-ਵੱਖ ਢੰਗਾਂ ਨਾਲ ਦਬਾਉਣ ਦੀਆਂ ਕੋਸ਼ਿਸ਼ਾਂ ਹੋਈਆਂ, ਪਰ ਇਸ ਦੇ ਬਾਵਜੂਦ ਇਹ ਵਿਚਾਰਧਾਰਾ ਸਿੱਖ ਭਾਈਚਾਰੇ ਦੇ ਇੱਕ ਹਿੱਸੇ ਵਿੱਚ ਮੌਜੂਦ ਰਹੀ ਹੈ। ਸੰਗਠਨ ਨੇ ਦਾਅਵਾ ਕੀਤਾ ਕਿ ਪੰਜਾਬ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦਾ ਇੱਕ ਵਰਗ ਅਜੇ ਵੀ ਖਾਲਿਸਤਾਨ ਨੂੰ ਸਿੱਖ ਕੌਮ ਦੀਆਂ ਸਮੱਸਿਆਵਾਂ ਦੇ ਹੱਲ ਵਜੋਂ ਵੇਖਦਾ ਹੈ। ਪ੍ਰੈਸ ਨੋਟ ਵਿੱਚ ਖਾਲਿਸਤਾਨ ਦੀ ਮੰਗ ਨੂੰ ਸਿਰਫ਼ ਇੱਕ ਰਾਜਨੀਤਿਕ ਮੁੱਦਾ ਨਹੀਂ, ਸਗੋਂ ਸਿੱਖਾਂ ਦੀ ਧਾਰਮਿਕ, ਸੱਭਿਆਚਾਰਕ ਅਤੇ ਕੌਮੀ ਪਹਿਚਾਣ ਨਾਲ ਜੁੜਿਆ ਮਸਲਾ ਦੱਸਿਆ ਗਿਆ ਹੈ। ਸੰਗਠਨ ਦਾ ਕਹਿਣਾ ਹੈ ਕਿ ਸਿੱਖ ਕੌਮ ਨੂੰ ਆਪਣੇ ਅਧਿਕਾਰਾਂ ਅਤੇ ਵੱਖਰੀ ਪਛਾਣ ਦੀ ਰੱਖਿਆ ਲਈ ਲੰਬੇ ਸਮੇਂ ਦੀ ਰਣਨੀਤੀ ਅਪਣਾਉਣੀ ਚਾਹੀਦੀ ਹੈ। ਸੰਗਠਨ ਨੇ ਖਾਸ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਤਿਹਾਸਕ ਘਟਨਾਵਾਂ, ਸਿੱਖ ਸਿਧਾਂਤਾਂ ਅਤੇ ਕੌਮੀ ਮਸਲਿਆਂ ਬਾਰੇ ਜਾਣਕਾਰੀ ਹਾਸਲ ਕਰਨ। ਪ੍ਰੈਸ ਨੋਟ ਵਿੱਚ ਨੌਜਵਾਨਾਂ ਨੂੰ ਕੌਮੀ ਚੇਤਨਾ ਨਾਲ ਜੁੜਨ ਅਤੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਗਈ ਹੈ।


ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੂੰ ਆਪਸੀ ਏਕਤਾ ਮਜ਼ਬੂਤ ਕਰਨ ਦੀ ਲੋੜ ਹੈ। ਸੰਗਠਨ ਅਨੁਸਾਰ, ਖਾਲਿਸਤਾਨ ਦੀ ਪ੍ਰਾਪਤੀ ਲਈ ਵਿਸ਼ਵ ਪੱਧਰ 'ਤੇ ਸਮਰਥਨ ਇਕੱਠਾ ਕਰਨਾ ਅਤੇ ਸਿੱਖ ਕੌਮ ਨਾਲ ਜੁੜੇ ਮਸਲਿਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਨਾ ਜ਼ਰੂਰੀ ਹੈ।

ਪ੍ਰੈਸ ਨੋਟ ਦੇ ਅੰਤ ਵਿੱਚ ਸੰਗਠਨ ਨੇ ਕਿਹਾ ਹੈ ਕਿ ਉਹ ਆਪਣੇ ਮਕਸਦ ਦੀ ਪ੍ਰਾਪਤੀ ਲਈ ਯਤਨ ਜਾਰੀ ਰੱਖੇਗਾ ਅਤੇ ਸਿੱਖ ਭਾਈਚਾਰੇ ਨੂੰ ਆਪਣੇ ਵਿਚਾਰਾਂ



ਅਤੇ ਉਦੇਸ਼ਾਂ ਨਾਲ ਜੋੜਨ ਲਈ ਮੁਹਿੰਮ ਚਲਾਉਂਦਾ ਰਹੇਗਾ।

**ਡਿਸਕਲੇਮਰ:** ਇਹ ਖ਼ਬਰ ਬੱਬਰ ਖਾਲਸਾ ਇੰਟਰਨੈਸ਼ਨਲ ਵੱਲੋਂ ਜਾਰੀ ਪ੍ਰੈਸ ਨੋਟ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਖ਼ਬਰ ਵਿੱਚ ਦਰਜ ਵਿਚਾਰ, ਦਾਅਵੇ ਅਤੇ ਮਤ ਸੰਬੰਧਿਤ ਸੰਗਠਨ ਦੇ ਆਪਣੇ ਹਨ। ਇਨ੍ਹਾਂ ਦਾਵਿਆਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ। ਇਸ ਸਮੱਗਰੀ ਨੂੰ ਪ੍ਰਕਾਸ਼ਿਤ ਕਰਨ ਦਾ ਮਕਸਦ ਪ੍ਰੈਸ ਨੋਟ ਵਿੱਚ ਦਿੱਤੀ ਜਾਣਕਾਰੀ ਨੂੰ ਪਾਠਕਾਂ ਤੱਕ ਪਹੁੰਚਾਉਣਾ ਹੈ। ਅਦਾਰਾ ਪ੍ਰੈਸ ਨੋਟ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ, ਦਾਵਿਆਂ ਜਾਂ ਮੰਗਾਂ ਨਾਲ ਸਹਿਮਤ ਹੋਵੇ, ਇਹ ਜ਼ਰੂਰੀ ਨਹੀਂ ਹੈ।







### ਅਧਿਆਪਕ ਜਗਦੀਪ ਸਿੰਘ ਦੇ ਕਤਲ ਨਾਲ ਸੰਬੰਧਿਤ ਪ੍ਰੀਵਾਰ ਨੂੰ ਇਨਸਾਫ ਦਿਵਾਉਣ ਲਈ ਥਾਣਾ ਤਰਸਿੱਕਾ ਵਿਖੇ ਲੱਗਾ ਧਰਨਾ

# ਧਰਨੇ ਤੋਂ ਬਾਅਦ ਦੋਸ਼ੀਆਂ ਵਿਰੁੱਧ ਕੀਤਾ ਗਿਆ ਮਾਮਲਾ ਦਰਜ



**ਜੰਡਿਆਲਾ ਗੁਰੂ 2 ਜੂਨ ( ਕੁਲਵੰਤ ਸਿੰਘ ਵਿਰਦੀ )**-ਬੀਤੇ ਕੱਲ ਥਾਣਾ ਤਰਸਿੱਕਾ ਦੀ ਹੱਦ ਅੰਦਰ ਆਉਂਦੇ ਪਿੰਡ ਰਾਣਾ ਕਾਲਾ ਵਿਖੇ ਕਤਲ ਕੀਤੇ ਗਏ ਤਲਵੰਡੀ ਵਾਸੀ ਅਧਿਆਪਕ ਜਗਦੀਪ ਸਿੰਘ ਦੇ ਮਾਮਲੇ ਵਿੱਚ ਤਰਸਿਕਾ ਪੁਲਿਸ ਵੱਲੋਂ ਕਤਲ ਨੂੰ ਹਾਦਸਾ ਗਰਦਾਨਣ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨਾ ਕਰਨ ਵਿਰੁੱਧ ਅੱਜ ਜਨਤਕ ਜਥੇਬੰਦੀਆਂ ਵੱਲੋਂ ਥਾਣਾ ਤਰਸਿੱਕਾ ਸਾਹਮਣੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਸੂਬਾ ਆਗੂ ਅਮਰੀਕ ਸਿੰਘ ਦਾਊਦ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਗੁਰਮੇਜ ਸਿੰਘ ਤਿਮੋਵਾਲ, ਸਾਬਕਾ ਸਰਪੰਚ ਸੁਰਜੀਤ ਸਿੰਘ ਤਲਵੰਡੀ, ਡੈਮੋਕਰੇਟਿਕ ਮੁਲਾਜ਼ਮ ਫਰੰਟ ਦੇ ਸੂਬਾ ਆਗੂ ਜਰਮਨਜੀਤ ਸਿੰਘ ਛੱਜਲਵੱਡੀ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਵਿੰਦਰ ਸਿੰਘ ਛੱਜਲ ਵੱਡੀ, ਯੁੱਧਵੀਰ ਸਿੰਘ ਸਰਜਾ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਬਲਵਿੰਦਰ ਸਿੰਘ ਰੁਮਾਣਾ ਚੱਕ, ਸਤਨਾਮ ਸਿੰਘ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਸਰਪੰਚ ਮਲਕੀਤ ਸਿੰਘ ਸਰਜਾ,ਛਿਸਪਾਲ ਸਿੰਘ ਲਾਡੀ, ਰਣਜੀਤ ਸਿੰਘ ਰਾਣਾ ਜੰਡ, ਜੰਗਲਾਤ ਵਰਕਰ ਯੂਨੀਅਨ ਦੇ ਆਗੂ ਰਸ਼ਪਾਲ ਸਿੰਘ ਜੋਧਾਨਗਰੀ ,ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ, ਹਲਕਾ ਜੰਡਿਆਲਾ ਗੁਰੂ ਦੇ ਨੇ ਕਿਹਾ ਕਿ ਪੰਜਾਬ ਅੰਦਰ ਅਮਨ ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ, ਬੀਤੇ ਕੱਲ੍ਹ ਅਧਿਆਪਕ ਜਗਦੀਪ ਸਿੰਘ ਆਪਣੀ ਬੇਟੀ ਨੂੰ ਟਿਊਸ਼ਨ ਛੱਡ ਕੇ ਆ ਰਿਹਾ ਸੀ ।ਜਿਸ ਦਾ ਚਿੱਟੇ ਦਿਨ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ।ਅਤੇ ਬੀਤੀ ਰਾਤ ਤੋਂ ਹੀ ਥਾਣਾ ਤਰਸਿੱਕਾ ਦੀ ਪੁਲਿਸ ਇਸ ਨੂੰ ਮਹਿਜ਼ ਸੜਕੀ ਹਾਦਸਾ ਦੱਸ ਰਹੀ ਸੀ ।ਜਿਸ ਦੇ ਖਿਲਾਫ ਅੱਜ ਦਾ ਰੋਸ ਧਰਨਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਡੀ ਐਸ ਪੀ ਜੰਡਿਆਲਾ ਗੁਰੂ ਦੇ ਦਖਲ ਤੋਂ ਬਾਅਦ ਕਾਤਲਾਂ ਵਿੱਚ ਸ਼ਾਮਿਲ ਦੋ ਹੋਰ ਵਿਅਕਤੀਆਂ ਨੂੰ ਪਰਚੇ ਵਿੱਚ ਸ਼ਾਮਿਲ ਕੀਤਾ ਗਿਆ ਅਤੇ ਦੋ ਦੋਸ਼ੀਆਂ ਦੀ ਗ੍ਰਿਫਤਾਰੀ ਪਾਈ ਗਈ। ਡੀ ਐਸ ਪੀ ਵੱਲੋਂ ਰਹਿੰਦੇ ਦੋਸ਼ੀਆਂ ਦੀ ਜਲਦ ਗ੍ਰਿਫਤਾਰੀ ਕਰਨ ਦੇ ਭਰੋਸੇ ਉਪਰੰਤ ਰੋਸ ਧਰਨਾ ਸਮਾਪਤ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਜੇਕਰ ਪੁਲਿਸ ਵੱਲੋਂ ਇਸ ਕੇਸ ਸਬੰਧੀ ਕੋਈ ਵੀ ਢਿੱਲ ਵਿਖਾਈ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੱਡਾ ਅਤੇ ਤਿੱਖਾ ਸੰਘਰਸ਼ ਕੀਤਾ ਜਾਵੇਗਾ ਜੋ ਇਨਸਾਫ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ।

## ਚੌਪਾਲ ਤੇ ਧੁੰਮਾਂ ਪਾ ਰਹੀ ਫ਼ਿਲਮ "ਲਵ ਯੂ ਦਾਦੂ ਦਾਦੀ ਜੀ" ਦੀ ਟੀਮ ਵੱਲੋਂ ਆਪਣੀ ਫ਼ਿਲਮ ਦੀ ਪ੍ਰੋਮੋਸ਼ਨ ਲਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਅਕ ਸੰਸਥਾਵਾਂ, ਚੰਗ ਦਾ ਵਿਸ਼ੇਸ਼ ਦੌਰਾ ਕੀਤਾ ਗਿਆ




**ਚੌਕ ਮਹਿਤਾ,2 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਫ਼ਿਲਮ ਦੇ ਨਿਰਦੇਸ਼ਕ, ਪਟਕਥਾ ਅਤੇ ਡਾਇਲਾਗ ਲਿਖਣ ਵਾਲੇ ਹਰਿੰਦਰ ਸੋਹਲ ਉਚੇਚੇ ਤੌਰ ਤੇ ਟੀਮ ਨਾਲ ਸਕੂਲ ਪਹੁੰਚੇ। ਓਹਨਾ ਦੱਸਿਆ ਕਿ ਪੰਜਾਬ ਦੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੇ ਸਪੁੱਤਰ ਡਾ ਕੁਲਬੀਰ ਸਿੰਘ ਸੂਰੀ ਦੀ ਕਲਮ ਤੋਂ ਲਿਖੇ ਗਏ ਨਾਵਲ "ਅੱਧੀ ਛੁੱਟੀ ਸਾਰੀ" ਉੱਪਰ ਇਹ ਫ਼ਿਲਮ ਬਣਾਈ ਗਈ ਹੈ। ਜਿੱਥੇ ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਫ਼ਿਲਮ ਨਾਲ ਜੁੜੇ ਹੋਏ ਪ੍ਰੋਮੋ ਦਿਖਾਏ ਗਏ ਉਥੇ ਹੀ ਫ਼ਿਲਮ ਦੇ ਅਦਾਕਾਰਾਂ ਨਾਲ ਵੀ ਮਿਲਾਇਆ ਗਿਆ। ਪੰਜਾਬ ਦੇ ਮਸ਼ਹੂਰ ਅਦਾਕਾਰ ਅਤੇ ਪੰਜਾਬੀ ਫ਼ਿਲਮਾਂ ਦੀ ਜਾਨ ਮੰਨੇ ਜਾਂਦੇ ਮੈਡਮ ਜਤਿੰਦਰ ਕੌਰ ਜੀ ਨੇ ਵੀ ਇਸ ਫ਼ਿਲਮ ਵਿੱਚ ਆਪਣਾ ਰੋਲ ਬਾਖ਼ੂਬੀ ਨਿਭਾਇਆ ਹੈ। ਹਰਿੰਦਰ ਸੋਹਲ ਨੇ ਦੱਸਿਆ ਕਿ ਇਹ ਫ਼ਿਲਮ 1 ਜੂਨ ਤੋਂ ਚੌਪਾਲ ਉਪਰ ਸ਼ੁਰੂ ਹੋ ਚੁੱਕੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਫ਼ਿਲਮ ਵਿਚ ਸੰਸਥਾ ਦੇ ਚੇਅਰਮੈਨ ਰਘਬੀਰ ਸਿੰਘ ਸੋਹਲ ਵੱਲੋਂ ਲਿਖੇ ਗਏ ਗਾਣੇ "ਅੱਧੀ ਛੁੱਟੀ ਸਾਰੀ " ਅਤੇ "ਮੀਂਹ ਵਸਾ ਦੇ ਜ਼ੋਰੋ ਜ਼ੋਰ " ਵੀ ਫਿਲਮਾਏ ਗਏ। ਵਿਦਿਆਰਥੀਆਂ ਵੱਲੋਂ ਵੀ ਇਸ ਫ਼ਿਲਮ ਲਈ ਉਤਸ਼ਾਹ ਪਾਇਆ ਗਿਆ। ਸਕੂਲ ਮੈਨੇਜਮੈਂਟ ਨੇ ਸਮੁੱਚੀ ਟੀਮ ਦਾ ਸਕੂਲ ਆਉਣ ਤੇ ਧੰਨਵਾਦ ਕੀਤਾ। ਇਸ ਮੌਕੇ ਫ਼ਿਲਮ ਦੇ ਮਿਊਜ਼ਿਕ ਡਾਇਰੈਕਟਰ ਜਸਕਰਨ ਸਿੰਘ ਸੋਹਲ, ਬਾਲ ਅਦਾਕਾਰ ਉਦੇਵੀਰ ਸਿੰਘ, ਤੇਜਬੀਰ ਸਿੰਘ ਸੋਹਲ, ਜਸਪ੍ਰੀਤ ਕੌਰ ਸੋਹਲ ਅਤੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮਰਦੇ ਮੁਜ਼ਾਹਿਦ ਬਾਬਾ ਏ ਕੌਮ 20ਵੀਂ ਸਦੀ ਦੇ ਮਹਾਨ ਸਿੱਖ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਅੱਜ 2 ਜੂਨ ਨੂੰ ਸਮਰਪਿਤ

# ਪੰਥਕ ਸਮਾਗਮ 'ਚ ਅਨੇਕਾਂ ਸ਼ਖਸੀਅਤਾਂ ਹੋਈਆਂ ਸ਼ਾਮਲ

## ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਅਨੇਕਾਂ ਸ਼ਖਸੀਅਤਾਂ ਨੇ ਕੀਤਾ ਸੰਬੋਧਨ









**ਪਿੰਡ ਰੋਡੇ (ਮੋਗਾ), 2 ਜੂਨ (ਆਵਜ਼ਿ ਕੌਮ ਬਿਊਰੋ)**-ਮਰਦੇ ਮੁਜ਼ਾਹਿਦ ਬਾਬਾ ਏ ਕੌਮ 20ਵੀਂ ਸਦੀ ਦੇ ਮਹਾਨ ਸਿੱਖ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਅੱਜ 2 ਜੂਨ ਨੂੰ ਸਮਰਪਿਤ ਅੱਜ ਉਨਾਂ ਦੇ ਜਨਮ ਨਗਰ ਪਿੰਡ ਰੋਡੇ ਮੋਗਾ ਪੰਜਾਬ ਵਿਖੇ ਪੰਥਕ ਸਮਾਗਮ ਵਿੱਚ ਸਿੱਖ ਪੰਥ ਦੀਆਂ ਮਹਾਨ ਜਥੇਬੰਦੀਆਂ ਸੰਪਰਦਾਵਾਂ ਟਕਸਾਲਾਂ ਸ਼ਖਸ਼ੀਅਤਾਂ ਧਾਰਮਿਕ ਰਾਜਨੀਤਕ ਆਗੂ ਸਾਹਿਬਾਨ ਸ਼ਹੀਦਾਂ ਦੇ ਪਰਿਵਾਰ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਪੁੱਜੇ ਇਸ ਸਮੇਂ ਹੋਰਨਾਂ ਤੋਂ ਇਲਾਵਾ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸੰਬੋਧਨ ਕੀਤਾ ਅਤੇ ਉਨਾਂ ਦੇ ਨਾਲ ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਪੰਚਕੂਲਾ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਆਜ਼ਾਦ,ਸਰਦਾਰ ਪਰਮਜੀਤ ਸਿੰਘ ਮਾਖਾ ਸਾਬਕਾ ਮੈਂਬਰ ਹਰਿਆਣਾ ਕਮੇਟੀ,ਸਰਦਾਰ ਸਰਬਜੀਤ ਸਿੰਘ ਜੰਮੂ ਸਕੱਤਰ,ਸਰਦਾਰ ਸ਼ਿੰਦਰਪਾਲ ਸਿੰਘ ਬਰਾੜ ਫਾਰਮਰ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ,ਸਰਦਾਰ ਜਸਵਿੰਦਰ ਸਿੰਘ ਸਾਹੋਕੇ,ਸਰਦਾਰ ਬਲਵਿੰਦਰ ਸਿੰਘ ਟਹਿਣਾ,ਸਰਦਾਰ ਜਸਪਿੰਦਰ ਸਿੰਘ ਡੱਲੇਵਾਲਾ,ਸਰਦਾਰ ਸੁੱਖਾ ਸਿੰਘ ਕਾਉਣੀ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਨੇ ਵੀ ਹਾਜ਼ਰੀ ਭਰੀ ਸਮਾਗਮ ਦੇ ਪ੍ਰਬੰਧਕ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਪੰਜੋਖਰਾ ਸਾਹਿਬ ਦਾ ਵਿਦਿਆਰਥੀ ਗੁਰਕਾਰਜ ਕਵੀਸ਼ਰੀ ਜੱਥੇ ਦਾ ਰਿਕਾਰਡ ਧਾਰਮਿਕ ਗੀਤ ਸ਼ਹੀਦ ਐਂਥਮ ਦਾ ਪੋਸਟਰ ਵੀ ਰਿਲੀਜ ਕੀਤਾ ਗਿਆ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243